**2026/27**

# ਸਟੂਡੈਂਟ ਫਾਈਨੈਂਸ ਔਫਿਸ
# ਕੰਮਕਾਜੀ ਪਰਿਵਾਰ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਏਜੰਸੀ
# ਇਸ ਬਾਰੇ ਨੋਟਸ ਕਿ ਪਰਿਵਾਰ ਸੰਬੰਧੀ ਅਰਜ਼ੀ ਫਾਰਮ ਕਿਵੇਂ ਭਰਨਾ ਅਤੇ ਵਾਪਸ ਕਰਨਾ ਹੈ

**ਚੇਤਾਵਨੀ**

- **ਅਰਜ਼ੀ ਵਿੱਚ ਮੌਜੂਦ ਨਿੱਜੀ ਡੇਟਾ ਬਿਨੈਕਾਰ ਦੀ ਵਿੱਤੀ ਸਹਾਇਤਾ ਲਈ ਪਾਤਰਤਾ ਅਤੇ ਦਿੱਤੀ ਜਾਣ ਵਾਲੀ ਸਹਾਇਤਾ ਦੇ ਢੁੱਕਵੇਂ ਪੱਧਰ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਏਗਾ। ਧੋਖੇ ਨਾਲ ਪ੍ਰਾਪਰਟੀ /ਪੈਸੇ ਸੰਬੰਧੀ ਲਾਭ ਪ੍ਰਾਪਤ ਕਰਨਾ ਅਪਰਾਧ ਹੈ। ਕੋਈ ਵੀ ਵਿਅਕਤੀ, ਜੋ ਅਜਿਹਾ ਕਰਦਾ ਹੈ, ਉਹ ਇੱਕ ਅਪਰਾਧ ਕਰਦਾ ਹੈ ਅਤੇ ਉਸਨੂੰ ਦੋਸ਼-ਸਿੱਧੀ 'ਤੇ ਥੈਫਟ ਆਰਡੀਨੈਂਸ, ਚੈਪਟਰ 210 ਦੇ ਅਧੀਨ ਅਧਿਕਤਮ 10 ਸਾਲਾਂ ਲਈ ਜੇਲ੍ਹ ਹੋਵੇਗੀ।**
- **ਬਿਨੈਕਾਰਾਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਜਾਂ ਉਨ੍ਹਾਂ ਦੇ ਏਜੰਟਾਂ ਨੂੰ ਆਪਣੀਆਂ ਅਰਜ਼ੀਆਂ ਦੇ ਸਬੰਧ ਵਿੱਚ ਜਾਂ ਸਰਕਾਰੀ ਬਿਊਰੋ/ਵਿਭਾਗਾਂ ਨਾਲ ਕੋਈ ਵੀ ਲੈਣ-ਦੇਣ ਕਰਦੇ ਸਮੇਂ ਕਿਸੇ ਵੀ ਸਰਕਾਰੀ ਅਧਿਕਾਰੀ ਨੂੰ ਪੈਸੇ ਜਾਂ ਤੋਹਫ਼ਿਆਂ ਸਮੇਤ ਕੋਈ ਵੀ ਲਾਭ ਨਹੀਂ ਦੇਣਾ ਚਾਹੀਦਾ; ਨਹੀਂ ਤਾਂ, ਉਹ ਰਿਸ਼ਵਤਖੋਰੀ ਰੋਕੂ ਆਰਡੀਨੈਂਸ (ਹਾਂਗਕਾਂਗ ਦੇ ਕਾਨੂੰਨਾਂ ਦਾ ਅਧਿਆਏ 201) ਦੀ ਧਾਰਾ 4(1) ਅਤੇ/ਜਾਂ ਧਾਰਾ 8 ਦੇ ਤਹਿਤ ਅਪਰਾਧ ਕਰ ਸਕਦੇ ਹਨ, ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ $500,000 ਦਾ ਜੁਰਮਾਨਾ ਅਤੇ ਸੱਤ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।**

## ਜਰੂਰੀ ਨੋਟਸ

### I. ਸਾਧਾਰਣ ਜਾਣਕਾਰੀ

- ਕ੍ਰਿਪਾ ਕਰਕੇ ਪਰਿਵਾਰ ਸੰਬੰਧੀ ਅਰਜ਼ੀ ਫਾਰਮ ਅਤੇ ਇਸ ਨੋਟਸ ਵਿੱਚ ਦਿੱਤੇ ਨਿਰਦੇਸ਼ਾਂ ਦੇ ਮੁਤਾਬਕ ਕਾਲੀ ਜਾਂ ਨੀਲੀ ਸਿਆਹੀ ਦੇ ਪੈਨ ਨਾਲ I ਤੋਂ VIII ਭਾਗ ਫਾਰਮ ਵਿਚ ਸਾਫ਼-ਸਾਫ਼ ਭਰੋ।

### II. ਸਹਾਇਕ ਦਸਤਾਵੇਜ ਜਮਾ ਕਰਨ ਬਾਰੇ ਨੋਟਸ

- ਜਮਾ ਕਰਾਉਣ ਲਈ ਸਹਾਇਕ ਦਸਤਾਵੇਜਾਂ ਦੀ ਕਾੱਪੀ ਦੇ ਸਮੑਬੰਧ ਵਿੱਚ (ਉਦਹਾਰਣ – ਪਛਾਣ ਦਸਤਾਵੇਜ, ਅਲਗ ਹੋਣ/ਤਲਾਕ ਲਈ ਸਹਾਇਕ ਦਸਤਾਵੇਜ (ਇੱਕਲੇ ਵਾਲੇ ਪਰਿਵਾਰਾਂ ਲਈ), ਸਲਾਨਾ ਆਮਦਨੀ ਬਾਰੇ ਦਸਤਾਵੇਜੀ ਪ੍ਰਮਾਣਕ ਆਦਿ), ਕ੍ਰਿਪਾ ਕਰਕੇ ਵੇਰਵੇ ਲਈ ਇਸ ਨੋਟਸ ਦੇ 9.2 ਪੈਰਾ ਨੂੰ ਵੇਖੋ। ਕ੍ਰਿਪਾ ਕਰਕੇ ਨੋਟ ਕਰੋ ਕਿ ਬਿਨੈਕਾਰ ਲਾਜ਼ਮੀ ਤੌਰ ਤੇ ਸਹਾਇਕ ਦਸਤਾਵੇਜ ਜਮਾ ਕਰਨ, ਨਹੀਂ ਤਾਂ, ਸਟੂਡੈਂਟ ਫਾਈਨੈਂਸ ਔਫਿਸ (SFO) ਅਰਜੀ ਤੇ ਕਾਰਵਾਹੀ ਨਹੀਂ ਕਰ ਸਕੇਗਾ।

**ਘਰੇਲੂ ਅਰਜ਼ੀ ਫਾਰਮ ਨੂੰ ਪੂਰਾ ਕਰਨਾ**

## 1. ਭਾਗ I ਬਿਨੈਕਾਰ ਦੇ ਵੇਰਵੇ

(ਬਿਨੈਕਾਰਾਂ ਲਈ ਵਿਦਿਆਰਥੀ-ਬਿਨੈਕਾਰਾਂ ਦੇ ਮਾਪੇ ਜਾਂ ਸਰਪ੍ਰਸਤ (ਜਿਵੇਂ ਕਿ ਗਾਰਡਿਨਸ਼ਿਪ ਆਫ ਮਾਈਨਰਸ ਆਰਡੀਨੈਂਸ, ਚੈਪਟਰ 13 ਵਿੱਚ ਪਛਾਣ ਕੀਤੀ ਗਈ ਹੈ) ਹੋਣਾ ਲਾਜ਼ਮੀ ਹੈ।)

ਕਿਰਪਾ ਕਰਕੇ ਵੱਡੇ ਅੱਖਰ ਵਰਤੋ; ਪਹਿਲੇ ਖਾਨੇ ਤੋਂ ਸ਼ੁਰੂ ਕਰਦੇ ਹੋਏ ਉਪ ਨਾਮ ਲਿਖੋ: ਅਤੇ ਹਰੇਕ ਸ਼ਬਦ ਦੇ ਵਿਚਕਾਰ ਖਾਲੀ ਥਾਂ ਛੱਡੋ।

ਬਿਨੈਕਾਰ ਲਈ ਪੱਤਰ ਵਿਹਾਰ ਦਾ ਸਹੀ ਪਤਾ ਦੇਣਾ ਲਾਜ਼ਮੀ ਹੈ। ਨਹੀਂ ਤਾਂ, SFO ਬਿਨੈਕਾਰ ਨੂੰ ਲਿਖਤ ਵਿੱਚ ਸੰਪਰਕ ਨਹੀਂ ਕਰ ਸਕੇਗਾ। ਜੇਕਰ ਬਿਨੈਕਾਰ ਅਰਜ਼ੀ ਜਮ੍ਹਾਂ ਕਰਨ ਤੋਂ ਬਾਅਦ ਸਿਰਫ਼ ਨਿਵਾਸ ਸਥਾਨ ਦੀ ਪੁਸ਼ਟੀ ਕਰ ਸਕਦਾ ਹੈ, ਤਾ ਕਿਰਪਾ ਕਰਕੇ SFO ਨੂੰ ਲਿਖਤ ਵਿੱਚ ਨਵੇਂ ਪੱਤਰ ਵਿਹਾਰ ਦੇ ਪਤੇ ਬਾਰੇ ਸੂਚਿਤ ਕਰੋ, ਜਦੋਂ ਇਹ ਉੱਪਲੱਬਧ ਹੋ ਜਾਵੇ। ਜੇਕਰ ਬਿਨੈਕਾਰ ਹਾਂਗਕਾਂਗ ਵਿੱਚ ਨਹੀਂ ਰਹਿੰਦਾ ਹੈ, ਤਾਂ ਕਿਰਪਾ ਕਰਕੇ ਭਵਿੱਖੀ ਪੱਤਰ ਵਿਹਾਰ ਲਈ ਹਾਂਗਕਾਂਗ ਦਾ ਪੱਤਰ ਵਿਹਾਰ ਦਾ ਪਤਾ ਦਿਓ।

1. Name in Chinese: 陳 大 文    2. T…
3. Name in English: C H A N   T A I   M A N
4. Correspondence Address *(Please fill out in English)*
   - Flat: A
   - Name of Building: H A P P Y   H O U S E
   - Estate / Village: H A R M O N Y   E S T A T E
   - No. & Name of Street:
   - District: S H A M   S H U I   P O
   - Area: # ☐ 1. HK   ☑ 2. KLN   ☐ 3. NT
5. Year of Birth: 1 9 7 8
6. HKID Card No.: A 1 2 3 4 5 6 ( 7 )
   *(If HKID Card No. is not available, please provide Other Identity Document …)*
   - …r Identity Document Type:   *(Please refer to paragrap…)*
   - …r Identity Document No.:
   - …2 3 4 5 6 7 8
8. HK Mobile Phone No.: 1 2 3 4 5 6 7 8 *(The SFO will send various notifications by means of SMS. Please fill in the phone number that can receive SMS.)*
9. Email Address: c h a n t m @ g m a i l . c o m
10. Your marital status during the period from 1.4.2025 to 31.3.2026
    - # ☑ A. Married *(Please provide spouse's information in Part II)*
    - ☐ B. * Divorced / Separated / Widowed / Single / Others (Please specify : ____________ ) *(Please provide copies of supporting documents, and spouse's information need not be provided in Part II)*

ਜੇਕਰ ਬਿਨੈਕਾਰ ਦਾ ਹਾਂਗਕਾਂਗ ਦਾ ਪਛਾਣ ਕਾਰਡ ਨਹੀਂ ਬਣਿਆ ਹੋਇਆ ਹੈ, ਤਾਂ ਕਿਰਪਾ ਕਰਕੇ ਇਸ ਨੋਟਸ ਦੇ ਪੈਰਾਗ੍ਰਾਫ 1.1 ਦੇ ਮੁਤਾਬਕ ਹੋਰ ਪਛਾਣ ਦਸਤਾਵੇਜ਼ ਪ੍ਰਕਾਰ ਅਤੇ ਸੰਖਿਆ ਦਿਓ।

SFO ਨੂੰ SMS ਦੁਆਰਾ ਅਰਜ਼ੀਆਂ ਦੀ ਪ੍ਰਾਪਤੀ ਸੂਚਨਾ ਅਤੇ ਸੰਬੰਧਿਤ ਭੁਗਤਾਨ ਜਾਣਕਾਰੀ (ਜੇਕਰ ਲਾਗੂ ਹੈ) ਜਾਰੀ ਕਰਨ ਵਿੱਚ ਸਹਾਇਤਾ ਕਰਨ ਲਈ, ਕਿਰਪਾ ਕਰਕੇ ਬਿਨੈਕਾਰ ਦਾ ਹਾਂਗਕਾਂਗ ਦਾ ਮੋਬਾਈਲ ਫੋਨ ਨੰਬਰ ਭਰੋ।

ਕਿਰਪਾ ਕਰਕੇ ਉਦਾਹਰਣ ਦੇ ਹਵਾਲੇ ਦੇ ਨਾਲ HKID ਕਾਰਡ ਨੰ. ਭਰੋ, ਜਿਵੇਂ ਕਿ ਖਾਨੇ ਵਿੱਚ ਦਿਖਾਇਆ ਗਿਆ ਹੈ।

ਕਿਰਪਾ ਕਰਕੇ 1.4.2025 ਤੋਂ 31.3.2026 ਦੇ ਦੌਰਾਨ ਦੀ ਵਿਆਹ ਸੰਬੰਧੀ ਸਥਿਤੀ ਭਰੋ। ਜੇਕਰ ਬਿਨੈਕਾਰ "ਵਿਆਹੁਤਾ" ਹੈ, ਤਾਂ ਕਿਰਪਾ ਕਰਕੇ ਆਈਟਮ (A) ਦੇ ਨਾਲ ਦਿੱਤੇ ਖਾਨੇ ਵਿੱਚ "✓" ਲਗਾਓ ਅਤੇ ਅਰਜ਼ੀ ਫਾਰਮ ਦੇ ਭਾਗ II ਵਿੱਚ ਪਤੀ/ਪਤਨੀ ਦੀ ਜਾਣਕਾਰੀ ਦਿਓ।

ਜੇਕਰ ਬਿਨੈਕਾਰ 1.4.2025 ਤੋਂ 31.3.2026 ਤੱਕ ਸਿੰਗਲ-ਪੇਰੈਂਟ ਹੈ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਉਦਾਹਰਣ ਦੀ ਪਾਲਣਾ ਕਰੋ, ਆਈਟਮ (B) ਦੇ ਨਾਲ ਦਿੱਤੇ ਖਾਨੇ ਵਿੱਚ "✓" ਲਗਾਓ ਅਤੇ ਲਾਗੂ ਨਾ ਹੋਣ ਯੋਗ ਸਥਿਤੀ ਨੂੰ ਮਿਟਾ ਦਿਓ।

☑ B. * Divorced / ~~Separated / Widowed / Single / Others~~ (Please specify : ____________ )
*(Please provide copies of supporting documents, and spouse's information need not be provided in Part II)*

11. ☐ Paper-based application form is needed in the next school year
(Note: Applicants who do not put "✓" in the box will be treated as opting for electronic application form in the next school year. To facilitate application and for environmental protection, the SFO encourages applicants to submit electronic application.)

ਉਹ ਬਿਨੈਕਾਰ ਜੋ ਬਾਕਸ ਵਿੱਚ "v" ਨਹੀਂ ਲਗਾਉਣਗੇ, ਉਨ੍ਹਾਂ ਨੂੰ ਅਗਲੇ ਸਕੂਲੀ ਸਾਲ ਵਿੱਚ SFO ਤੋਂ ਕਾਗਜ਼-ਅਧਾਰਤ ਪ੍ਰੀ-ਫਿਲਡ ਬਿਨੈ-ਪੱਤਰ ਪ੍ਰਾਪਤ ਨਹੀਂ ਹੋਵੇਗਾ। SFO ਮਾਰਚ 2027 ਦੇ ਮੱਧ ਦੇ ਆਲੇ-ਦੁਆਲੇ "eWFSFAA" ਰਾਹੀਂ ਸਬੰਧਤ ਬਿਨੈਕਾਰਾਂ ਨੂੰ ਆਪਣੇ ਪ੍ਰੀ-ਫਿਲਡ ਈ-ਫਾਰਮ ਤੱਕ ਪਹੁੰਚ ਕਰਨ ਅਤੇ ਜਮ੍ਹਾਂ ਕਰਾਉਣ ਲਈ ਬੈਚਾਂ ਵਿੱਚ ਸੂਚਨਾਵਾਂ ਜਾਰੀ ਕਰੇਗਾ।

1.1 ਜੇਕਰ ਬਿਨੈਕਾਰ ਦਾ ਹਾਂਗਕਾਂਗ ਦਾ ਪਛਾਣ ਕਾਰਡ ਨਹੀਂ ਬਣਿਆ ਹੋਇਆ ਹੈ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਕੋਡ ਵਰਤਦੇ ਹੋਏ "ਹੋਰ ਪਛਾਣ ਦਸਤਾਵੇਜ਼ ਪ੍ਰਕਾਰ" ਦੀ ਆਈਟਮ ਭਰੋ ਅਤੇ ਪਛਾਣ ਦਸਤਾਵੇਜ਼ ਦੀ ਨਕਲ ਦੇ ਨਾਲ ਸੰਬੰਧਿਤ ਪਛਾਣ ਦਸਤਾਵੇਜ਼ ਸੰਖਿਆ ਦਿਓ।

| | | | | | |
|---|---|---|---|---|---|
| ਪਾਸਪੋਰਟ | 0 2 | ਮੁੜ-ਐਂਟਰੀ ਪਰਮਿਟ | 0 3 | ਪਛਾਣ ਪ੍ਰਮਾਣ-ਪੱਤਰ | 0 4 |
| ਪਛਾਣ ਦਸਤਾਵੇਜ਼ | 0 5 | ਐਂਟਰੀ ਪਰਮਿਟ | 0 6 | ਵੀਜ਼ਾ ਉਦੇਸ਼ ਲਈ ID ਦਾ ਘੋਸ਼ਣਾ-ਪੱਤਰ | 0 7 |
| ਵਨ-ਵੇ (ਇੱਕ ਪਾਸੇ ਦਾ) ਪਰਮਿਟ | 0 8 | ਮੇਨਲੈਂਡ ਪਛਾਣ ਦਸਤਾਵੇਜ਼ | 0 9 | ਹੋਰ | 9 9 |

## 2. ਭਾਗ II ਪਰਿਵਾਰ ਦੇ ਮੈਂਬਰਾਂ ਅਤੇ ਵਿੱਤੀ ਸਹਾਇਤਾ ਸਕੀਮਾਂ ਦੇ ਵੇਰਵੇ, ਜਿਹਨਾਂ ਲਈ ਅਰਜ਼ੀ ਦਿੱਤੀ ਜਾ ਰਹੀ ਹੈ

2.1 ਪਤੀ/ਪਤਨੀ, ਵਿਦਿਆਰਥੀ-ਬਿਨੈਕਾਰ ਅਤੇ ਪਰਿਵਾਰ ਵਿੱਚ ਰਹਿਣ ਵਾਲੇ ਕੁਆਰੇ ਬੱਚੇ

**A. Spouse**

1. Name in Chinese: 黃 小 芬
2. Name in English: W O N G S I U F A N
3. Year of Birth: 1 9 8 0
4. HKID Card No.: B 1 2 3 4 5 6 ( 7 )

*(If HKID Card No. is not available, please provide Other Identity Document No. with copy of relevant proof.)*

Other Identity Document Type: ☐☐ *(Please refer to paragraph 1.1 of "Notes on How to Complete and Return Household Application Form")*

Other Identity Document No.:

5. HK Mobile Phone No. @ 1 2 3 4 5 6 7 8

ਕਿਰਪਾ ਕਰਕੇ ਉਦਾਹਰਣ ਦੇ ਹਵਾਲੇ ਦੇ ਨਾਲ ਫਾਰਮ ਵਿੱਚ ਦਾਅਵਾ ਕੀਤੇ ਮੁਤਾਬਕ ਆਪਣੇ ਪਤੀ/ਪਤਨੀ ਦਾ HKID ਕਾਰਡ ਨੰ. ਭਰੋ, ਜਿਵੇਂ ਕਿ ਖਾਨੇ ਵਿੱਚ ਦਿਖਾਇਆ ਗਿਆ ਹੈ।

ਜੇਕਰ ਤੁਹਾਡੇ ਪਤੀ/ਪਤਨੀ ਦਾ ਹਾਂਗਕਾਂਗ ਦਾ ਪਛਾਣ ਕਾਰਡ ਨਹੀਂ ਬਣਿਆ ਹੋਇਆ ਹੈ, ਤਾਂ ਕਿਰਪਾ ਕਰਕੇ ਇਸ ਨੋਟਸ ਦੇ ਪੈਰਾਗ੍ਰਾਫ 1.1 ਦੇ ਮੁਤਾਬਕ ਹੋਰ ਪਛਾਣ ਦਸਤਾਵੇਜ਼ ਪ੍ਰਕਾਰ ਅਤੇ ਸੰਖਿਆ ਦਿਓ।

ਕਿਰਪਾ ਕਰਕੇ ਵੱਡੇ ਅੱਖਰ ਵਰਤੋ; ਪਹਿਲੇ ਖਾਨੇ ਤੋਂ ਸ਼ੁਰੂ ਕਰਦੇ ਹੋਏ ਉਪ ਨਾਮ ਲਿਖੋ; ਅਤੇ ਹਰੇਕ ਸ਼ਬਦ ਦੇ ਵਿਚਕਾਰ ਖਾਲੀ ਥਾਂ ਛੱਡੋ।

ਕਿਰਪਾ ਕਰਕੇ ਬਾਕ੍ਸ ਵਿੱਚ ਦਿੱਤੇ ਗਏ ਉਦਾਹਰਣ ਦੇ ਹਵਾਲੇ ਦੇ ਨਾਲ ਫਾਰਮ ਵਿੱਚ ਦਾਅਵਾ ਕੀਤੇ ਮੁਤਾਬਕ ਵਿਦਿਆਰਥੀ-ਬਿਨੈਕਾਰ/ਪਰਿਵਾਰ ਨਾਲ ਰਹਿਣ ਵਾਲੇ ਕੁਆਰੇ ਬੱਚੇ ਦਾ HKID ਕਾਰਡ ਨੰ./ਜਨਮ ਪ੍ਰਮਾਣ-ਪੱਤਰ ਸੰਖਿਆ ਭਰੋ, ਅਤੇ ਸੰਬੰਧਿਤ ਪਛਾਣ ਦਸਤਾਵੇਜ਼ (ਜੇ ਲਾਗੂ ਹੋਵੇ) ਦੀ ਇੱਕ ਕਾਪੀ ਜਮ੍ਹਾਂ ਕਰੋ।

ਜੇਕਰ ਵਿਦਿਆਰਥੀ-ਬਿਨੈਕਾਰ/ਪਰਿਵਾਰ ਨਾਲ ਰਹਿਣ ਵਾਲੇ ਕੁਆਰੇ ਬੱਚੇ ਦਾ ਹਾਂਗਕਾਂਗ ਦਾ ਪਛਾਣ ਕਾਰਡ ਨਹੀਂ ਬਣਿਆ ਹੋਇਆ ਹੈ, ਤਾਂ ਕਿਰਪਾ ਕਰਕੇ ਇਸ ਨੋਟਸ ਦੇ ਪੈਰਾਗ੍ਰਾਫ 1.1 ਦੇ ਮੁਤਾਬਕ ਹੋਰ ਪਛਾਣ ਦਸਤਾਵੇਜ਼ ਪ੍ਰਕਾਰ ਅਤੇ ਸੰਖਿਆ ਦਿਓ।

**B. Student-applicants and unmarried children residing with the family (If more than one child, please fill out this part starting from the youngest child.)**

| | Student-applicant 1 / Unmarried child residing with the family 1 | Student-applicant 2 / Unmarried child residing with the family 2 |
|---|---|---|
| 1. Name in Chinese | 陳 小 芳 | 陳 大 明 |
| 2. Name in English | C H A N S I U F O N G | C H A N T A I M I N G |
| 3. Date of Birth | D 0 1 M 0 1 Y 2 0 1 1 | D 0 1 M 0 1 Y 2 0 0 8 |
| 4. HKID Card No. / Birth Certificate No. | D 1 2 3 4 5 6 ( 7 ) | C 1 2 3 4 5 6 ( 7 ) |
| If not available, please provide: Other Identity Document Type | *(Please refer to paragraph 1.1 of "Notes on How to Complete and Return Household Application Form")* | *(Please refer to paragraph 1.1 of "Notes on How to Complete and Return Household Application Form")* |
| Other Identity Document No. | | |
| 5. Status for 2025-26 | # ☑ A. Under education ☐ B. In employment ☐ C. Unemployed ☐ D. Other | |
| 6. Name of School / Institution in 2026/27 | NUMBER ONE SECONDARY SCHOOL | |
| 7. Class level in 2027/27 | S 4 | |
| 8. Mode of study | # ☑ A. Whole-day ☐ B. Half-day (A.M. session) ☐ C. Half-day (P.M. session) ☐ D. Part-time | ☐ C. Half-day (P.M. session) ☑ D. Part-time |
| 9. Apply for schemes *(On student basis and you may choose more than 1 item, if applicable)* | # ☑ Need ☐ Do not need | # ☑ Need ☐ Do not need |
| | # **Kindergarten & below levels:** ☐ (1)KCFRS + (2)Grant-KG^ *(^ Grant-KG only applicable to KG students (K1-K3))* | # **Kindergarten & below levels:** ☐ (1)KCFRS + (2)Grant-KG^ *(^ Grant-KG only applicable to KG students (K1-K3))* |
| | # **Primary & secondary levels or equivalent:** ☑ (3) TA ☑ (4) STS ☐ (5) DAEFR / DYJFR ☐ (6) FR(FAEAEC) | # **Primary & secondary levels or equivalent:** ☐ (3) TA ☐ (4) STS ☑ (5) DAEFR / DYJFR ☐ (6) FR(FAEAEC) |

ਜੇਕਰ ਬਿਨੈਕਾਰ 2026/27 ਸਕੂਲ ਵਰ੍ਹੇ (KCFRS, Grant-KG, TA, STS, DAEFR / DYJFR ਅਤੇ FR(FAEAEC) ਸਮੇਤ) ਵਿੱਚ ਪੜ੍ਹਨ ਵਾਲੇ ਬੱਚੇ ਵਾਸਤੇ ਵਿੱਤੀ ਸਹਾਇਤਾ ਲਈ ਅਰਜ਼ੀ ਦੇਣਾ ਚਾਹੁੰਦਾ ਹੈ, ਤਾਂ ਕਿਰਪਾ ਆਈਟਮ 5, 8 ਅਤੇ 9 ਵਿੱਚ ਢੁੱਕਵੇਂ ਖਾਨੇ(ਖਾਨਿਆਂ) ਵਿੱਚ "✓" ਲਗਾਓ। ਜੇਕਰ ਅਵਿਵਾਹਿਤ ਬੱਚਾ 2026/27 ਵਿੱਚ ਟਰਸ਼ਿਅਰੀ ਸੰਸਥਾ ਵਿੱਚ ਪੜ੍ਹ ਰਿਹਾ ਹੈ, ਤਾਂ ਕਿਰਪਾ "ਸਕੀਮਾਂ ਲਈ ਅਰਜ਼ੀ ਦਿਓ" ਦੇ ਅਧੀਨ "ਲੋੜ ਨਹੀਂ" ਚੁਣੋ।

ਜੇ ਬਿਨੈਕਾਰ ਪ੍ਰੀ-ਪ੍ਰਾਇਮਰੀ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਲਈ ਅਪਲਾਈ ਕਰਨਾ ਚਾਹੁੰਦਾ ਹੈ((1) KCFRS ਅਤੇ (2) Grant-KG ਸਮੇਤ) ਕਿਰਪਾ ਕਰਕੇ ਬੋਕ੍ਸ ਵਿੱਚ "✓" ਲਾਓ। ਯੋਗ KG ਵਿਦਿਆਰਥੀ-ਬਿਨੈਕਾਰ ((K1-K3) ਨੂੰ KCFRS (ਜੇ ਲਾਗੂ ਹੋਵੇ) ਅਤੇ Grant-KG ਦੇ ਅਧੀਨ ਫੀਸ ਵਿੱਚ ਛੂਟ ਪ੍ਰਦਾਨ ਕੀਤੀ ਜਾਵੇਗੀ। ਪੂਰੇ ਦਿਨ ਦੀ ਬਾਲ ਦੇਖਭਾਲ ਸੇਵਾਵਾਂ (N1 & N2) ਪ੍ਰਾਪਤ ਕਰਨ ਵਾਲੇ ਯੋਗ ਬੱਚਿਆਂ ਨੂੰ ਸਿਰਫ KCFRS ਦੇ ਅਧੀਨ ਫੀਸ ਵਿੱਚ ਛੂਟ ਪ੍ਰਦਾਨ ਕੀਤੀ ਜਾਵੇਗੀ।

2.1.1 ਜੇਕਰ ਬਿਨੈਕਾਰ ਦੇ ਉਸ ਨਾਲ ਰਹਿਣ ਵਾਲੇ 4 ਤੋਂ ਵੱਧ ਕੁਆਰੇ ਬੱਚੇ ਹਨ, ਤਾਂ ਕਿਰਪਾ ਕਰਕੇ ਬਿਨੈਕਾਰ ਦੇ ਦਸਤਖ਼ਤ ਵਾਲੀ ਇੱਕ ਵੱਖਰੀ ਸ਼ੀਟ ਨੱਥੀ ਕਰਕੇ ਅਰਜ਼ੀ ਫਾਰਮ ਦੇ ਭਾਗ II ਵਿੱਚ ਸੈਕਸ਼ਨ B ਵਿੱਚ ਫੌਰਮੈਟ ਦੇ ਮੁਤਾਬਕ ਉਹਨਾਂ ਦੀ ਜਾਣਕਾਰੀ ਦਿਓ। ਫਾਰਮ ਵਿੱਚ ਸ਼ਾਮਲ ਕੀਤੇ ਸਾਰੇ ਕੁਆਰੇ ਬੱਚਿਆਂ ਦੇ ਪਛਾਣ ਦਸਤਾਵੇਜ਼ਾਂ ਦੀਆਂ ਨਕਲਾਂ ਮੁਹੱਈਆ ਕੀਤੀਆਂ ਜਾਣੀਆ ਚਾਹੀਦੀਆਂ ਹਨ (ਕਿਰਪਾ ਕਰਕੇ ਇਸ ਨੋਟਸ ਦੇ ਪੈਰਾ 9.2 (i) ਅਤੇ (ii) ਨੂੰ ਵੇਖੋ)।

2.1.2 ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ (CSSA) ਦੀ ਪ੍ਰਾਪਤੀ ਵਿੱਚ ਬਿਨੈਕਾਰ ਦੇ ਪਤੀ/ਪਤਨੀ ਅਤੇ ਬੱਚਿਆਂ ਐਡਜਸਟਡ ਫੈਮਿਲੀ ਇਨਕਮ (AFI) ਪ੍ਰਕਿਰਿਆ ਦੇ ਅਧੀਨ 'ਪਰਿਵਾਰ ਦੇ ਮੈਂਬਰਾਂ' ਦੇ ਤੌਰ ਤੇ ਨਹੀਂ ਗਿਣਿਆ ਜਾਏਗਾ।

2.1.3 ਵਿਦਿਆਰਥੀ-ਬਿਨੈਕਾਰ ਜਿਨ੍ਹਾਂ ਨੂੰ ਪਾਠ ਪੁਸਤਕਾਂ ਦੇ ਖਰਚੇ, ਘਰ ਵਿੱਚ ਇੰਟਰਨੈਟ ਐਕਸੈਸ ਚਾਰਜਿਜ਼, ਵਿਦਿਆਰਥੀ ਯਾਤਰਾ ਦੇ ਖਰਚੇ, ਟਿਊਸ਼ਨ ਫੀਸ, ਪ੍ਰੀਖਿਆ ਫੀਸ, ਆਦਿ ਦੇ ਸਬੰਧ ਵਿੱਚ ਵਿੱਤੀ ਸਬਸਿਡੀ, ਸਹਾਇਤਾ ਜਾਂ ਛੋਟ ਪ੍ਰਾਪਤ ਕਰਨ ਲਈ ਮਨਜ਼ੂਰੀ ਦਿੱਤੀ ਗਈ ਹੈ, ਜਾਂ ਕਿਸੇ ਵੀ ਜਨਤਕ ਜਾਂ ਨਿੱਜੀ ਸੰਸਥਾਵਾਂ ਜਾਂ ਸਕੂਲਾਂ ਦੁਆਰਾ ਮੁਫਤ ਪਾਠ ਪੁਸਤਕਾਂ, ਸਕੂਲ ਆਉਣ-ਜਾਣ ਲਈ ਮੁਫਤ ਆਵਾਜਾਈ ਸੇਵਾ, ਆਦਿ ਪ੍ਰਾਪਤ ਹੁੰਦੀ ਹੈ, ਉਨ੍ਹਾਂ ਨੂੰ **SFO** ਰਾਹੀਂ ਉਸੇ ਕਿਸਮ ਦੀ ਸਹਾਇਤਾ ਲਈ ਅਰਜ਼ੀ ਨਹੀਂ ਦੇਣੀ ਚਾਹੀਦੀ। ਇਨ੍ਹਾਂ ਸੰਸਥਾਵਾਂ ਵਿੱਚ ਸਕੂਲ, ਸਮਾਜ ਭਲਾਈ ਵਿਭਾਗ, ਸਿੱਖਿਆ ਬਿਊਰੋ, ਹਾਂਗਕਾਂਗ ਜੌਕੀ ਕਲੱਬ, ਪਬਲਿਕ ਟ੍ਰਾਂਸਪੋਰਟ ਕੰਪਨੀਆਂ, ਆਦਿ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਸੀਮਤ ਨਹੀਂ ਹਨ। ਜੇਕਰ ਬਾਅਦ ਵਿੱਚ ਪਤਾ ਲੱਗਦਾ ਹੈ ਕਿ ਵਿਦਿਆਰਥੀ-ਬਿਨੈਕਾਰ ਦੋਹਰੀ ਸਬਸਿਡੀ ਦਾ ਲਾਭ ਉਠਾ ਰਿਹਾ ਹੈ, ਤਾਂ ਬਿਨੈਕਾਰ **SFO** ਦੀ ਬੇਨਤੀ 'ਤੇ ਤੁਰੰਤ ਵੱਧ ਭੁਗਤਾਨ ਕੀਤੀ ਰਕਮ ਵਾਪਸ ਕਰਨ ਲਈ ਜ਼ਿੰਮੇਵਾਰ ਹੈ। ਜੇਕਰ ਉਹ ਵਿਦਿਆਰਥੀ ਜਿਸਨੇ **STS** ਲਈ ਸਫਲਤਾਪੂਰਵਕ ਅਪਲਾਈ ਕੀਤਾ ਹੈ, ਬਾਅਦ ਵਿੱਚ ਰਿਹਾਇਸ਼ੀ ਪਤਾ ਬਦਲਦਾ ਹੈ ਜਾਂ ਬੋਰਡਰ ਬਣ ਜਾਂਦਾ ਹੈ ਜਾਂ ਸਕੂਲ ਦੇ ਸਮੇਂ ਦੌਰਾਨ ਸਕੂਲ ਦੁਆਰਾ ਪ੍ਰਦਾਨ ਕੀਤੇ ਗਏ ਹੋਸਟਲ ਵਿੱਚ ਰਹਿਣ ਲੱਗਦਾ ਹੈ, ਤਾਂ ਬਿਨੈਕਾਰ ਨੂੰ ਸਬੰਧਤ ਵਿਦਿਆਰਥੀ ਲਈ ਯਾਤਰਾ ਸਬਸਿਡੀ ਦੀ ਰਕਮ ਦੀ ਮੁੜ ਗਣਨਾ ਕਰਨ ਲਈ ਜਿੰਨੀ ਜਲਦੀ ਹੋ ਸਕੇ **SFO** ਨੂੰ ਸੂਚਿਤ ਕਰਨਾ ਚਾਹੀਦਾ ਹੈ।

2.1.4 ਬਿਨੈਕਾਰ ਨੂੰ ਹੇਠਾਂ ਦਿੱਤੇ ਕੋਡ ਵਰਤਦੇ ਹੋਏ 2026/27 ਸਕੂਲ ਵਰ੍ਹੇ ਵਿੱਚ ਪੜ੍ਹਨ ਵਾਲੇ ਆਪਣੇ ਬੱਚੇ(ਬੱਚਿਆਂ) ਦਾ ਕਲਾਸ ਪੱਧਰ ਭਰਨਾ ਚਾਹੀਦਾ ਹੈ:

| | | |
|---|---|---|
| (i) | ਪੂਰਾ ਦਿਨ ਦਾ ਬਾਲ ਦੇਖਭਾਲ ਕੇਂਦਰ (ਉਮਰ ਵਰਗ 0-2) | N 1 |
| (ii) | ਪੂਰਾ ਦਿਨ ਦਾ ਬਾਲ ਦੇਖਭਾਲ ਕੇਂਦਰ (ਉਮਰ ਵਰਗ 2-3) | N 2 |
| (iii) | ਕਿੰਡਰਗਾਰਟਨ ਵਿੱਚ ਨਰਸਰੀ ਕਲਾਸ | K 1 |
| (iv) | ਕਿੰਡਰਗਾਰਟਨ ਵਿੱਚ ਛੋਟੀ ਕਲਾਸ | K 2 |
| (v) | ਕਿੰਡਰਗਾਰਟਨ ਵਿੱਚ ਵੱਡੀ ਕਲਾਸ | K 3 |
| (vi) | ਪ੍ਰਾਈਮਰੀ 1 ਤੋਂ 6 | P 1 / P 2 / P 3 / P 4 / P 5 / P 6 |
| (vii) | ਸੈਕੰਡਰੀ 1 ਤੋਂ 3 | S 1 / S 2 / S 3 |
| (viii) | ਸੈਕੰਡਰੀ 4 ਤੋਂ 6 | S 4 / S 5 / S 6 |
| (ix) | ਡਿਪਲੋਮਾ ਆਫ ਅਪਲਾਈਡ ਐਜੂਕੇਸ਼ਨ / ਡਿਪਲੋਮਾ ਯੀ ਜਿਨ | Y J |
| (x) | ਹੋਰ (ਉਦਾ. ਤੀਸਰੀ ਪੱਧਰ ) | O L |

2.1.5 ਜੇਕਰ ਬਿਨੈਕਾਰ ਪਰਿਵਾਰ ਸੰਬੰਧੀ ਅਰਜ਼ੀ ਫਾਰਮ (ਵਾਧੂ ਸਕੀਮ(ਮਾਂ)/ਸੰਸ਼ੋਧਿਤ ਸਕੀਮ(ਮਾਂ), ਜਿਹਨਾਂ ਲਈ ਅਰਜ਼ੀ ਦਿੱਤੀ ਗਈ ਹੈ, ਲਈ ਅਰਜ਼ੀ ਦੇਣ ਸਮੇਤ) ਜਮ੍ਹਾਂ ਕਰਨ ਤੋਂ ਬਾਅਦ ਅਰਜ਼ੀ ਦੇ ਵੇਰਵੇ ਸੰਸ਼ੋਧਿਤ ਕਰਨਾ ਚਾਹੁੰਦਾ ਹੈ, ਤਾਂ ਕਿਰਪਾ ਕਰਕੇ ਸਫਾਈ ਦੇ ਨਾਲ, ਲਿਖਤ ਵਿੱਚ ਬੇਨਤੀ ਪ੍ਰਸਤੁਤ ਕਰੋ ਅਤੇ ਇਸਨੂੰ ਅਰਜ਼ੀ ਫਾਰਮ ਜਮ੍ਹਾਂ ਕਰਨ ਦੀ ਤਾਰੀਖ ਤੋਂ 30 ਦਿਨਾਂ ਦੇ ਅੰਦਰ SFO ਨੂੰ ਪੋਸਟ ਕਰ ਦਿਓ। ਵਾਧੂ ਸਕੀਮ(ਮਾਂ) ਵਾਸਤੇ ਅਰਜ਼ੀ ਦਿੱਤੇ ਗਏ ਬਿਨੈਕਾਰ ਦੇ ਅਰਜ਼ੀ ਨੰਬਰ/HKID ਕਾਰਡ ਨੰਬਰ ਦੇ ਨਾਲ ਬਿਨੈਕਾਰ ਵੱਲੋਂ ਠੀਕ ਤਰ੍ਹਾਂ ਦਸਤਖ਼ਤ ਕੀਤੇ ਹੋਣੇ ਲਾਜ਼ਮੀ ਹੈ। ਇਹਨਾਂ ਅਰਜ਼ੀਆਂ ਦੀਆਂ ਪ੍ਰਕਿਰਿਆ ਵਿੱਚ ਕਾਫੀ ਵੱਧ ਸਮਾਂ ਲੱਗੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਵਿੱਤੀ ਸਹਾਇਤਾ ਲਈ ਦੇਰੀ ਨਾਲ ਦਿੱਤੀ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਏਗਾ। ਇਸ ਸੰਬੰਧ ਵਿੱਚ, ਬਿਨੈਕਾਰ ਨੂੰ ਅਰਜ਼ੀ ਫਾਰਮ ਜਮ੍ਹਾਂ ਕਰਨ ਤੋਂ ਪਹਿਲਾਂ ਸਾਵਧਾਨੀ ਨਾਲ ਦੇਖਣਾ ਚਾਹੀਦੀ ਹੈ ਕਿ ਕੀ ਉਸਨੇ ਉਹੀ ਸਕੀਮ(ਮਾਂ) ਚੁਣੀ ਹੈ, ਜਿਹਨਾਂ ਲਈ ਉਹ ਅਰਜ਼ੀ ਦੇਣਾ ਚਾਹੁੰਦਾ/ਚਾਹੁੰਦੀ ਹੈ।

2.2 ਇੰਟਰਨੈੱਟ ਪਹੁੰਚ ਖਰਚਿਆਂ ਲਈ ਸਬਸਿਡੀ ਸਕੀਮ (SIA)

ਬਿਨੈਕਾਰ ਨੂੰ SIA ਲਈ ਵੱਖਰੇ ਤੌਰ 'ਤੇ ਅਪਲਾਈ ਕਰਨ ਦੀ ਲੋੜ ਨਹੀਂ ਹੈ, ਜੋ ਕਿ ਘਰੇਲੂ ਅਧਾਰ 'ਤੇ ਦਿੱਤੀ ਜਾਂਦੀ ਹੈ ਅਤੇ ਸਿਰਫ ਉਨ੍ਹਾਂ ਪਰਿਵਾਰਾਂ 'ਤੇ ਲਾਗੂ ਹੁੰਦੀ ਹੈ ਜਿਨ੍ਹਾਂ ਦੇ ਬੱਚੇ ਪ੍ਰਾਇਮਰੀ ਜਾਂ ਸੈਕੰਡਰੀ ਪੱਧਰ ਦੇ ਫੁੱਲ-ਟਾਈਮ ਵਿਦਿਆਰਥੀ ਹਨ ਅਤੇ SFO ਦੇ ਅਧੀਨ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਸਾਧਨ ਟੈਸਟ ਪਾਸ ਕਰਦੇ ਹਨ। ਇਹ ਸਬਸਿਡੀ ਸਿਰਫ਼ ਪ੍ਰੀ-ਪ੍ਰਾਇਮਰੀ ਵਿਦਿਆਰਥੀਆਂ ਵਾਲੇ ਪਰਿਵਾਰਾਂ 'ਤੇ ਲਾਗੂ ਨਹੀਂ ਹੁੰਦੀ ਹੈ।

C. **Subsidy for Internet Access Charges (SIA)**

*(On household basis and only applicable to families with students of primary and secondary levels. Not applicable to families with pre-primary students only.)*

SIA will be disbursed to eligible families.

For families which ***do not need*** SIA, please put "✓" in the box on right-hand side. ✓ Do not need

ਉਹਨਾਂ ਪਰਿਵਾਰਾਂ ਲਈ ਜਿਨ੍ਹਾਂ ਨੂੰ SIA ਦੀ **ਜ਼ਰੂਰਤ ਨਹੀਂ ਹੁੰਦੀ**, ਕਿਰਪਾ ਕਰਕੇ ਦਿੱਤੇ ਗਏ ਬੌਕਸ ਵਿੱਚ "✓" ਪਾਉ।

2.3 ਆਸ਼ਰਿਤ ਮਾਪੇ

2.3.1 ਆਸ਼ਰਿਤ ਮਾਪੇ ਬਿਨੈਕਾਰ ਦੇ ਮਾਪਿਆਂ, ਸਹੁਰਿਆਂ ਸਮੇਤ, ਦਾ ਹਵਾਲਾ ਦਿੰਦਾ ਹੈ, ਜੋ ਅਰਜ਼ੀ ਜਮ੍ਹਾਂ ਕਰਨ ਦੇ ਸਮੇਂ CSSA ਦਾ ਪ੍ਰਾਪਤਕਰਤਾ ਨਹੀਂ ਹੈ। ਉਹਨਾਂ ਲਈ ਲਾਜ਼ਮੀ ਹੈ ਕਿ ਉਹ ਸਧਾਰਨ ਮੁਲਾਂਕਣ ਸਾਲ (1 ਅਪ੍ਰੈਲ 2025 ਤੋਂ 31 ਮਾਰਚ 2026) ਵਿੱਚ, ਨੌਕਰੀ ਨਾ ਕਰਦੇ ਹੋਣ ਅਤੇ ਘੱਟੋ-ਘੱਟ 6 ਮਹੀਨਿਆਂ ਤੱਕ ਹੇਠਾਂ ਦਿੱਤੀਆਂ ਸ਼ਰਤਾ ਵਿੱਚੋਂ ਕਿਸੇ ਇੱਕ ਨੂੰ ਪੂਰੀ ਕਰਦੇ ਹੋਣ -

**(A)** ਬਿਨੈਕਾਰ ਦੇ ਪਰਿਵਾਰ ਨਾਲ ਰਹਿੰਦੇ ਹੋਣ; ਜਾਂ

**(B)** ਬਿਨੈਕਾਰ ਜਾਂ ਉਸਦੇ ਪਤੀ/ਪਤਨੀ ਦਾ ਮਾਲਕੀ ਵਾਲੇ ਜਾਂ ਕਿਰਾਏ ਦੇ ਘਰ ਵਿੱਚ ਰਹਿੰਦੇ ਹੋਣ; ਜਾਂ

**(C)** ਕਿਸੇ ਬਜ਼ੁਰਗ ਹੋਮ ਵਿੱਚ ਰਹਿੰਦੇ ਹੋਣ ਅਤੇ ਉਹਨਾਂ ਦਾ ਪੂਰਾ ਖ਼ਰਚਾ ਬਿਨੈਕਾਰ ਜਾਂ ਉਸਦੇ ਪਤੀ/ਪਤਨੀ ਵੱਲੋਂ ਕੀਤਾ ਜਾਂਦਾ ਹੋਵੇ ਜਾਂ ਪੂਰੀ ਤਰ੍ਹਾਂ ਬਿਨੈਕਾਰ ਜਾਂ ਉਸਦੇ ਪਤੀ/ਪਤਨੀ ਵੱਲੋਂ ਪੂਰੀ ਤਰ੍ਹਾਂ ਸਹਿਯੋਗ ਦਿੱਤਾ ਜਾਂਦਾ ਹੋਵੇ।

**ਟਿੱਪਣੀਆਂ: ਬਿਨੈਕਾਰ ਜਾਂ ਉਸਦੇ ਪਤੀ/ਪਤਨੀ ਨੂੰ 2026/27 ਸਕੂਲ ਵਰ੍ਹੇ ਵਿੱਚ ਆਪਣੇ ਮਾਪੇ ਦੇ ਸਹਿਯੋਗ ਜਾਰੀ ਰੱਖਣਾ ਲਾਜ਼ਮੀ ਹੈ ਅਤੇ ਸਹਿਯੋਗ ਦਾ ਪ੍ਰਕਾਰ ਮੁਲਾਂਕਣ ਦੇ ਸਾਲ ਦੇ ਸਹਿਯੋਗ ਵਰਗਾ ਹੀ ਹੋਣਾ ਚਾਹੀਦਾ ਹੈ। (ਜੇਕਰ ਬਿਨੈਕਾਰ ਦੁਆਰਾ ਆਪਣੀ ਅਰਜ਼ੀ ਜਮ੍ਹਾਂ ਕਰਾਉਣ ਤੋਂ ਪਹਿਲਾਂ ਨਿਰਭਰ ਮਾਤਾ-ਪਿਤਾ ਦੀ ਮੌਤ ਹੋ ਜਾਂਦੀ ਹੈ, ਤਾਂ ਇਹ ਉਹਨਾਂ ਦੇ ਮਾਤਾ ਪਿਤਾ ਨੂੰ ਨਿਰੰਤਰ ਸਹਾਇਤਾ ਦੀ ਲੋੜ ਨੂੰ ਪੂਰਾ ਨਹੀਂ ਕਰਦਾ ਹੈ। ਬਿਨੈਕਾਰ ਨੂੰ ਆਪਣੇ ਮ੍ਰਿਤਕ ਮਾਤਾ-ਪਿਤਾ ਦੀ ਜਾਣਕਾਰੀ ਭਰਨ ਦੀ ਲੋੜ ਨਹੀਂ ਹੈ।) ਇਸਤੋਂ ਇਲਾਵਾ, ਕਿਉਂਕਿ ਪਰਿਵਾਰ ਦੇ ਮੈਂਬਰਾਂ ਦੀ ਸੰਖਿਆ ਸਿੱਧੇ ਉਸ ਸਹਾਇਤਾ ਦੇ ਪੱਧਰ 'ਤੇ ਅਸਰ ਪਾ ਸਕਦੀ ਹੈ, ਜਿਸ ਲਈ ਬਿਨੈਕਾਰ ਦਾ ਪਰਿਵਾਰ ਪਾਤਰ ਹੈ, ਕਿਰਪਾ ਕਰਕੇ ਮਾਪਿਆਂ ਦੇ ਸਹਿਯੋਗ ਲਈ ਦਸਤਾਵੇਜ਼ੀ ਸਬੂਤ (ਉਦਾਹਰਣ ਲਈ, ਕਿਰਾਏਦਾਰੀ ਦਾ ਇਕਰਾਰਨਾਮਾ, ਰਿਹਾਇਸ਼ੀ ਪਤੇ ਦਾ ਸਬੂਤ ਜਾਂ ਬਜ਼ੁਰਗਾਂ ਲਈ ਹੋਮ ਦੀ ਰਸੀਦ ਆਦਿ) ਦੇ ਨਾਲ ਪੂਰਾ ਕੀਤਾ ਅਰਜ਼ੀ ਫਾਰਮ ਪੋਸਟ ਦੁਆਰਾ ਵਿਚਾਰ ਲਈ SFO ਨੂੰ ਭੇਜੋ।**

2.3.2 **ਜੇਕਰ ਬਿਨੈਕਾਰ ਜਾਂ ਉਸਦੇ ਜੀਵਨ ਸਾਥੀ ਦੇ ਆਸ਼ਰਿਤ ਮਾਤਾ/ਪਿਤਾ ਹਨ, ਜੇਕਰ ਉਹ ਹਾਂਗਕਾਂਗ ਪਛਾਣ ਪੱਤਰ ਦੇ ਧਾਰਕ ਨਹੀਂ ਹਨ,** ਤਾਂ ਕਿਰਪਾ ਕਰਕੇ ਫਾਰਮ ਵਿੱਚ ਦਿੱਤੇ ਗਏ ਨਿਰਭਰ ਮਾਪਿਆਂ ਦੇ ਪਛਾਣ ਦਸਤਾਵੇਜ਼ਾਂ ਦੀਆਂ ਕਾਪੀਆਂ ਜਮ੍ਹਾਂ ਕਰੋ। ਜੇਕਰ ਬਿਨੈਕਾਰ ਜਾਂ ਉਸਦੇ ਜੀਵਨ ਸਾਥੀ ਦੇ ਕੋਈ ਨਿਰਭਰ ਮਾਪੇ ਨਹੀਂ ਹਨ, ਕਿਰਪਾ ਕਰਕੇ ਇਸ ਹਿੱਸੇ ਨੂੰ ਨਾ ਭਰੋ।

ਕਿਰਪਾ ਕਰਕੇ ਨਿਰਭਰ ਮਾਤਾ-ਪਿਤਾ (ਮਾਂ) ਦੇ ਨਿੱਜੀ ਵੇਰਵੇ ਭਰੋ ਅਤੇ ਉਹਨਾਂ ਦੇ ਪਛਾਣ ਦਸਤਾਵੇਜ਼ਾਂ ਦੀ ਇੱਕ ਕਾਪੀ ਪ੍ਰਦਾਨ ਕਰੋ ਅਤੇ ਮਾਪਿਆਂ ਦੀ ਸਹਾਇਤਾ ਲਈ ਦਸਤਾਵੇਜ਼ੀ ਸਬੂਤ। (ਜੇ ਲਾਗੂ ਹੋਵੇ)।

ਕਿਰਪਾ ਕਰਕੇ ਢੁੱਕਵੇਂ ਖਾਨੇ ਵਿੱਚ "✓" ਲਗਾਓ। ਜੇਕਰ ਹਾਂ, ਤਾਂ ਕਿਰਪਾ ਕਰਕੇ ਭਾਗ "D" ਛੱਡ ਦਿਓ। ਜੇਕਰ ਨਹੀਂ, ਤਾਂ ਕਿਰਪਾ ਕਰਕੇ ਭਾਗ "D" ਪੂਰਾ ਕਰੋ ਅਤੇ ਇਸ ਨੋਟਸ ਦੇ ਪੈਰਾਗ੍ਰਾਫ 2.3.1 ਦਾ ਹਵਾਲਾ ਦਿਓ।

D. **Dependent Parent** ***(If you / your spouse have dependent parent(s), please fill out this section, otherwise do not fill out the spaces below.)***

(i) Is/Are the dependent parent(s) currently in **receipt of the Comprehensive Social Security Assistance (CSSA)** and/or (ii) **under employment** during the assessment period?

\# ☐ **Yes** (Need not complete Part "D")  ☑ **No** (Continue to complete Part "D" and refer to Paragraph 2.3 of "Notes on How to Complete and Return Household Application Form" on the definition of "Dependency")

| Name of Dependent Parent | HKID Card No. and Year of Birth (Please refer to paragraph 2.3.2 of "Notes on How to Complete and Return Household Application Form" and provide copy (if applicable)) | Dependency Status (Please put "✓" in the appropriate box) at least 6 months during 1.4.2025 to 31.3.2026: Resided with the applicant's family | Resided in premises owned or rented by the applicant or his/her spouse | Resided in an elderly home and the expenses were fully paid by the applicant or his/her spouse OR totally supported by the applicant or his/her spouse |
|---|---|---|---|---|
| (1) Name in Chinese: 陳 大 福<br>(2) Name in English: C H A N   T A I / F U K | HKID Card No.: E 1 2 3 4 5 6 ( 7 )<br>or<br>Other Identity Document Type: ___ *(Please refer to paragraph 1.1 of "Notes on How to Complete and Return Household Application Form")*<br>Other Identity Document No.: ___<br>Year of Birth: 1 9 5 4 | ✓ | ☐ | ☐ |

ਜੇਕਰ ਆਸ਼ਰਿਤ ਮਾਪੇ ਦਾ ਹਾਂਗਕਾਂਗ ਦਾ ਪਛਾਣ ਕਾਰਡ ਨਹੀਂ ਬਣਿਆ ਹੋਇਆ ਹੈ, ਤਾਂ ਕਿਰਪਾ ਕਰਕੇ ਇਸ ਨੋਟਸ ਦੇ ਪੈਰਾਗ੍ਰਾਫ 1.1 ਦੇ ਮੁਤਾਬਕ ਹੋਰ ਪਛਾਣ ਦਸਤਾਵੇਜ਼ ਪ੍ਰਕਾਰ ਅਤੇ ਸੰਖਿਆ ਦਿਓ।

ਬਿਨੈਕਾਰ ਨੂੰ ਸਾਵਧਾਨੀ ਨਾਲ ਪੈਰਾਗ੍ਰਾਫ 2.3.1 (A), (B) ਅਤੇ (C) ਪੜ੍ਹਨਾ ਚਾਹੀਦਾ ਹੈ ਅਤੇ ਢੁੱਕਵੇਂ ਖਾਨੇ (ਖਾਨਿਆਂ) ਵਿੱਚ "✓" ਲਗਾਓ।

## 3. ਭਾਗ III ਰਿਹਾਇਸ਼ੀ ਪਤਾ

3.1 ਬਿਨੈਕਾਰ ਨੂੰ ਇਸ ਭਾਗ ਵਿੱਚ ਰਿਹਾਇਸ਼ੀ ਪਤਾ ਦੇਣਾ ਚਾਹੀਦਾ ਹੈ ਤਾਂ ਜੋ SFO ਚੁਣੇ ਗਏ ਬਿਨੈਕਾਰਾਂ ਲਈ ਘਰ ਵਿੱਚ ਮੁਲਾਕਾਤਾਂ ਕਰਨ ਦਾ ਪ੍ਰਬੰਧ ਕਰ ਸਕੇ। ਜੇਕਰ ਬਿਨੈਕਾਰ ਦਾ ਰਿਹਾਇਸ਼ੀ ਪਤਾ ਅਰਜ਼ੀ ਫਾਰਮ ਦੇ ਭਾਗ I ਵਿੱਚ ਦਿੱਤੇ ਗਏ ਪੱਤਰ-ਵਿਹਾਰ ਦੇ ਪਤੇ ਵਾਲਾ ਹੀ ਹੈ, ਤਾਂ ਬਿਨੈਕਾਰ ਨੂੰ ਇਹ ਭਾਗ ਪੂਰਾ ਕਰਨ ਦੀ ਲੋੜ ਨਹੀਂ ਹੈ।

## 4. ਭਾਗ IV ਪਰਿਵਾਰਕ ਆਮਦਨੀ

ਕਿਰਪਾ ਕਰਕੇ ਮੁਲਾਂਕਣ ਦੀ ਮਿਆਦ ਦੇ ਦੌਰਾਨ ਸਥਿਤੀ, ਬੇਰੁਜ਼ਗਾਰੀ, ਘਰੇਲੂ ਔਰਤ ਜਾਂ ਰਿਟਾਇਰਮੈਂਟ ਵਾਲੇ ਖੇਤਰਾਂ ਨੂੰ ਪੂਰਾ ਕਰੋ। ਜੇਕਰ ਇਹ ਪੂਰਾ ਸਾਲ ਨਹੀਂ ਹੈ, ਤਾਂ ਕਿਰਪਾ ਕਰਕੇ ਉਦਾਹਰਨਾਂ ਦੇ ਹਵਾਲੇ ਨਾਲ ਸਮਾਂ ਨਿਸ਼ਚਿਤ ਕਰੋ।

ਕਿਰਪਾ ਕਰਕੇ 1 ਅਪ੍ਰੈਲ 2025 ਤੋਂ 31 ਮਾਰਚ 2026 ਤੱਕ ਦੀ ਮਿਆਦ ਕੁੱਲ ਆਮਦਨੀ (ਦਸ਼ਮਲਵ ਸਥਾਨਾਂ ਦੇ ਬਿਨਾਂ ਸੰਪੂਰਨ ਰਾਸ਼ੀ) ਦੱਸੋ। **<u>SFO ਅਨੁਮਾਨਤ ਰਕਮ ਸਵੀਕਾਰ ਨਹੀਂ ਕਰੇਗਾ, ਇਸ ਲਈ ਸਹੀ ਸੰਖਿਆ ਦਿਓ।</u>** ਆਮਦਨੀ ਦੇ ਹੋਰ ਸਰੋਤ ਲਈ, ਉਦਾਹਰਨ ਲਈ ਕਿਰਾਏ ਦੀ ਆਮਦਨੀ (ਇਸ ਨੋਟਸ ਦੇ ਪੈਰਾਗ੍ਰਾਫ 4.1 ਵਿੱਚ "ਸੂਚਿਤ ਕੀਤੇ ਜਾਣ ਦੀ ਲੋੜ ਵਾਲੀਆਂ ਆਈਟਮਾ" ਦੇ ਹੇਠ ਆਈਟਮ 11 ਦੇਖੋ), ਪਰਿਵਾਰ/ਰਿਸ਼ਤੇਦਾਰਾਂ/ਦੋਸਤਾਂ ਨਾਲ ਨਾ ਰਹਿਣ ਵਾਲੇ ਬੱਚਿਆਂ ਵੱਲੋਂ ਯੋਗਦਾਨ, ਗੁਜਾਰਾ ਖਰਚ ਜਾਂ ਨਿਵੇਸ਼ ਤੋਂ ਵਿਆਜ, ਕਿਰਪਾ ਕਰਕੇ ਹੇਠਾਂ ਦਿੱਤੇ ਉਦਾਹਰਣ ਦੇ ਮੁਤਾਬਕ ਰਕਮ ਦੱਸੋ।

| Applicant and Family Member | Mode of employment | Position / Other (e.g. housewife, unemployed, retired) (Please specify period if it is not a whole year) | Total Annual Income ($) (Including bonus / allowance / part-time income (excluding Mandatory Provident Fund (MPF) / Provident Fund contribution by employee)) | | For Office Use |
|---|---|---|---|---|---|
| ① Applicant | # ☑ Full-time<br># ☐ Part-time | Unemployed (1.4.2025 – 30.4.2025)<br>Clerk (1.5.2025 – 31.12.2025)<br>Self-employed Driver (1.1.2026 – 28.2.2026)<br>Retired (1.3.2026 – 31.3.2026) | Salary ($)<br>Business profit ($) | 80000<br>45000 | |
| ② Spouse | # ☐ Full-time<br># ☑ Part-time | Housewife (1.4.2025 – 30.9.2025)<br>Part-time Cashier (1.10.2025 – 31.3.2026) | Salary ($)<br>Business profit ($) | 30000<br> | |
| ③ Unmarried child residing with the family (if applicable)<br>Name: CHAN Tai-ming | # ☑ Full-time<br># ☐ Part-time | Waiter (1.4.2025 – 10.6.2025)<br>Unemployed (11.6.2025 – 31.3.2026) | Salary ($)<br>Business profit ($) | 36000<br> | |
| ④ Unmarried child residing with the family (if applicable)<br>Name: | # ☐ Full-time<br># ☐ Part-time | | Salary ($)<br>Business profit ($) | | |
| ⑤ Other income (if applicable) | Contribution from children not residing together, relatives or friends ($): 12000 | Rental income of property, land, carpark, vehicle or vessel ($): 96000 | Interests from investments, fixed deposit ($): 5000 | Alimony ($): | |
| | Pension (excluding lump sum retirement gratuity) ($): | Widow's & Children's Compensation ($): | Others ($): | | |
| | Total = 304000 | | | | |

ਕੁੱਲ ਰਕਮ ਸਿਰਫ਼ ਹਵਾਲੇ ਲਈ ਹੈ। SFO ਵਿਦਿਆਰਥੀ ਵਿੱਤੀ ਸਹਾਇਤਾ ਅਤੇ ਸਲਾਹ ਨੋਟਸ ਦੇ ਪੈਰਾਗ੍ਰਾਫ 3 ਵਿੱਚ ਦੱਸੀ ਗਈ AFI ਪ੍ਰਕਿਰਿਆ ਦੇ ਮੁਤਾਬਕ ਇਸਦੇ ਸਹਾਇਤਾ ਪੱਧਰ ਲਈ ਪਰਿਵਾਰ ਦੀ ਪਾਤਰਤਾ ਦਾ ਮੁਲਾਂਕਣ ਕਰੇਗਾ।

4.1 ਹਾਂਗਕਾਂਗ ਵਿੱਚ ਅਤੇ ਇਸਦੇ ਬਾਹਰ ਦੋਵਾਂ ਤੋਂ ਪਰਿਵਾਰ ਦੁਆਰਾ ਕੀਤੀ ਜਾਣ ਵਾਲੀ ਆਮਦਨੀ ਦੇ ਪ੍ਰਕਾਰਾਂ ਦੀ ਸੂਚੀ ਹਵਾਲੇ ਲਈ ਹੇਠਾਂ ਸੂਚੀਬੱਧ ਹੈ ,ਜੋ ਸੂਚਿਤ ਕੀਤੇ ਜਾਣੇ ਚਾਹੀਦੇ ਹਨ। ਦਸਤਾਵੇਜ਼ੀ ਸਬੂਤਾਂ ਦੀਆਂ ਸ਼ਰਤਾਂ ਲਈ ,ਕਿਰਪਾ ਕਰਕੇ ਇਸ ਨੋਟਸ ਦੇ ਪੈਰਾਗ੍ਰਾਫ 9.2 (vii) ਨੂੰ ਵੇਖੋ

| ਸੂਚਿਤ ਕੀਤੇ ਜਾਣ ਦੀ ਲੋੜ ਵਾਲੀਆਂ ਆਈਟਮਾਂ | | ਸੂਚਿਤ ਕੀਤੇ ਜਾਣ ਦੀ ਲੋੜ ਨਾ ਹੋਣ ਵਾਲੀਆਂ ਆਈਟਮਾਂ | |
|---|---|---|---|
| 1 | ਤਨਖਾਹ (ਜਿਸ ਵਿੱਚ ਸ਼ਾਮਲ ਹੈ ਬਿਨੈਕਾਰ, ਬਿਨੈਕਾਰ ਦੇ ਪਤੀ/ਪਤਨੀ ਅਤੇ ਪੂਰਨ-ਕਾਲੀ (ਫੁਲ-ਟਾਈਮ), ਅੰਸ਼ਕ-ਕਾਲੀ (ਪਾਰਟ-ਟਾਈਮ) ਜਾਂ ਅਸਥਾਈ ਨੌਕਰੀਆਂ ਲਈ ਬਿਨੈਕਾਰ ਦੇ ਨਾਲ ਰਹਿਣ ਵਾਲੇ ਵਿਦਿਆਰਥੀ-ਬਿਨੈਕਾਰ ਦੇ ਕੁਆਰੇ ਭੈਣ-ਭਰਾ ਦੀ ਤਨਖਾਹ, ਕਰਮਚਾਰੀ ਵੱਲੋਂ ਮੈਨਡੇਟਰੀ ਪ੍ਰੋਵਿਡੈਂਟ ਫੰਡ (MPF)/ਪ੍ਰੋਵਿਡੈਂਟ ਫੰਡ ਦੇ ਯੋਗਦਾਨ ਨੂੰ ਛੱਡ ਕੇ) | 1 | ਸਰਕਾਰ ਤੋਂ ਵਿੱਤੀ ਸਹਾਇਤਾ, ਜਾਂ ਸਾਮੁਦਾਇਕ ਦੇਖਭਾਲ ਫੰਡ (ਜਿਵੇਂ ਕਿ CSSA/ ਬਜ਼ੁਰਗ ਭੱਤਾ / ਬਜ਼ੁਰਗ ਰਹਿਣ-ਸਹਿਣ ਭੱਤਾ / ਅਪਾਹਜਤਾ ਭੱਤਾ / ਮੁੜ ਸਿਖਲਾਈ ਭੱਤਾ / ਕੰਮ ਪ੍ਰੇਰਕ ਟ੍ਰਾਂਸਪੋਰਟ ਸਬਸਿਡੀ / ਕੰਮਕਾਜੀ ਪਰਿਵਾਰ ਭੱਤਾ ਆਦਿ) ਦੇ ਤਹਿਤ ਸਹਾਇਤਾ ਪ੍ਰੋਗਰਾਮ ਤੋਂ ਭੁਗਤਾਨ। |
| 2 | ਡਬਲ ਪੇ / ਛੁੱਟੀ ਤਨਖਾਹ | 2 | ਲੰਮੀ ਸਰਵਿਸ ਤਨਖਾਹ / ਕਾਂਟਰੈਕਟ ਗ੍ਰੈਚੁਇਟੀ |
| 3 | ਭੱਤਾ (ਜਿਸ ਵਿੱਚ ਸ਼ਾਮਲ ਹੈ ਓਵਰਟਾਈਮ ਕੰਮ / ਰਹਿਣ-ਸਹਿਣ / ਰਿਹਾਇਸ਼ ਜਾਂ ਕਿਰਾਇਆ / ਟ੍ਰਾਂਸਪੋਰਟ / ਭੋਜਨ / ਸ਼ਿਫਟ ਭੱਤਾ ਆਦਿ) | 3 | ਨਿਖੇੜਾ ਤਨਖਾਹ (ਸੀਵਰੈਂਸ ਪੇ) |
| 4 | ਬੋਨਸ / ਕਮੀਸ਼ਨ / ਉਪਰਲੀ ਆਮਦਨੀ (ਟਿਪਸ) | 4 | ਕਰਜ਼ (ਲੋਨ) |
| 5 | ਵਜ਼ੀਫ਼ਾ | 5 | ਇੱਕਮੁਸ਼ਤ ਰਿਟਾਇਰਮੈਂਟ ਗ੍ਰੈਚੁਇਟੀ / ਪ੍ਰੋਵਿਡੈਂਟ ਫੰਡ |
| 6 | ਬਰਖਾਸਤਗੀ ਦੇ ਨੋਟਿਸ ਦੇ ਬਦਲੇ ਮਜਦੂਰੀ | 6 | ਵਿਰਸੇ ਤੋਂ ਪ੍ਰਾਪਤ ਧਨ |
| 7 | ਕਾਰੋਬਾਰੀ ਲਾਭ ਅਤੇ ਸਵੈ-ਰੋਜ਼ਗਾਰ ਦੇ ਸਾਧਨਾਂ ਨਾਲ ਕੀਤੀ ਹੋਰ ਆਮਦਨੀ, ਜਿਵੇਂ ਫੇਰੀ, ਟੈਕਸੀਆਂ / ਮਿੰਨੀ ਬੱਸਾਂ / ਲਾਰੀਆਂ ਚਲਾਉਣਾ ਅਤੇ ਦਿੱਤੀਆਂ ਗਈਆਂ ਸੇਵਾਵਾਂ ਦੀ ਫੀਸ ਆਦਿ। | 7 | ਚੈਰਿਟੀ ਦਾਨ |
| 8 | ਗੁਜ਼ਾਰਾ ਖ਼ਰਚ | 8 | ਬੀਮਾ / ਦੁਰਘਟਨਾ / ਸੱਟ ਹਰਜਾਨਾ |
| 9 | ਬਿਨੈਕਾਰ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ(ਰਾਂ) ਨੂੰ ਬਿਨੈਕਾਰ ਦੇ ਪਰਿਵਾਰ ਨਾਲ ਰਹਿਣ ਵਾਲੇ ਕਿਸੇ ਵੀ ਵਿਅਕਤੀ(ਆਂ) ਤੋਂ ਯੋਗਦਾਨ (ਜਿਸ ਵਿੱਚ ਸ਼ਾਮਲ ਹੈ ਪੈਸਾ ਜਾਂ ਘਰ/ ਭੇਜੀ ਹੋਈ ਰਕਮ(ਮਾਂ) ਦਾ ਯੋਗਦਾਨ / ਗਿਰਵੀਨਾਮਾ ਮੁੜ ਭੁਗਤਾਨ / ਕਿਰਾਇਆ / ਪਾਣੀ / ਬਿਜਲੀ / ਗੈਸ ਜਾਂ ਰਹਿਣ-ਸਹਿਣ ਦੇ ਹੋਰ ਖ਼ਰਚਿਆਂ ਲਈ ਯੋਗਦਾਨ) | 9 | ਕਰਮਚਾਰੀ ਵੱਲੋਂ MPF / ਪ੍ਰੋਵਿਡੈਂਟ ਫੰਡ ਯੋਗਦਾਨ ($18,000 ਪ੍ਰਤੀ ਸਾਲ ਤੱਕ ਦੀ ਯੋਗਦਾਨ ਦੀ ਸੀਮਾ ਦੀ ਸੂਚਨਾ ਦੇਣ ਦੀ ਲੋੜ ਨਹੀਂ ਹੈ) |
| 10 | ਮਿਆਦੀ ਜਮ੍ਹਾਂ, ਸਟੌਕਸ, ਸ਼ੇਅਰਸ ਅਤੇ ਬੌਂਡਸ ਆਦਿ ਤੋਂ ਵਿਆਜ | | |
| 11 | ਜਾਇਦਾਦ, ਜ਼ਮੀਨ, ਕਾਰ ਪਾਰਕਿੰਗ, ਵਾਹਨ ਜਾਂ ਪੋਤ ਦੇ ਕਿਰਾਏ ਦੀ ਆਮਦਨੀ (ਹਾਂਗਕਾਂਗ, ਮੇਨਲੈਂਡ ਅਤੇ ਵਿਦੇਸ਼ ਸਮੇਤ) | | |
| 12 | ਮਾਸਿਕ ਪੈਨਸ਼ਨ / ਵਿਧਵਾ ਅਤੇ ਬੱਚਿਆਂ ਦਾ ਮੁਆਵਜ਼ਾ | | |

4.2 ਬਿਨੈਕਾਰ ਨੂੰ ਆਮਦਨੀ ਦਾ ਸਬੂਤ ਅਤੇ ਨੌਕਰੀ ਕਰਨ ਵਾਲੇ ਪਰਿਵਾਰ ਦੇ ਮੈਂਬਰ(ਰਾਂ) ਬਾਰੇ ਦੱਸਣਾ ਹੋਵੇਗਾ। ਜੇਕਰ ਬਿਨੈਕਾਰ, ਬਿਨੈਕਾਰ ਦੇ ਪਤੀ/ਪਤਨੀ ਜਾਂ ਨੌਕਰੀ ਕਰਨ ਵਾਲੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੇ ਆਮਦਨੀ ਪ੍ਰਮਾਣ-ਪੱਤਰ (ਉਦਾਹਰਣ ਲਈ ਵਿੱਚ ਨਮੂਨਾ I) ਜਾਂ ਖੁਦ ਤਿਆਰ ਕੀਤਾ ਆਮਦਨੀ ਵਿਸ਼ਲੇਸ਼ਣ (ਉਦਾਹਰਣ ਲਈ ਵਿੱਚ ਨਮੂਨਾ IV) ਆਮਦਨੀ ਸਬੂਤ ਦੇ ਤੌਰ 'ਤੇ ਦਿੱਤਾ ਹੈ, ਤਾਂ SFO ਨੂੰ ਤਦ ਵੀ ਬਿਨੈਕਾਰ ਤੋਂ ਇਸਦੇ ਨਾਲ ਬੈਂਕ ਪਾਸਬੁੱਕ, ਤਨਖਾਹ ਦੀ ਸਟੇਟਮੈਂਟ ਜਾਂ ਹਵਾਲੇ ਲਈ ਆਮਦਨੀ ਦੇ ਹੋਰਸਬੂਤ ਲੈਣ ਦੀ ਲੋੜ ਹੋ ਸਕਦੀ ਹੈ। ਜੇਕਰ ਬਿਨੈਕਾਰ ਕਿਸੇ ਖਾਸ ਕਾਰਨਾਂ ਤੋਂ ਕੋਈ ਵੀ ਆਮਦਨੀ ਸਬੂਤ ਨਹੀਂ ਦੇ ਸਕਦਾ, ਤਾਂ ਕਿਰਪਾ ਕਰਕੇ SFO ਨੂੰ ਉਚਿਤ ਕਾਰਨ ਅਤੇ ਆਮਦਨੀ ਦੀ ਵਿਸਤ੍ਰਿਤ ਗਣਨਾ ਦੱਸਦੇ ਹੋਏ, ਲਿਖਤ ਵਿੱਚ ਸੂਚਿਤ ਕਰੋ। ਬਿਨੈਕਾਰ ਨੂੰ ਨਿੱਜੀ ਰੂਪ ਨਾਲ ਸਪਸ਼ਟੀਕਾਰਕ ਪੱਤਰ 'ਤੇ ਵੀ ਦਸਤਖ਼ਤ ਕਰਨੇ ਹੋਣਗੇ। ਜੇਕਰ ਦਿੱਤਾ ਗਿਆ ਸਪਸ਼ਟੀਕਰਨ ਜਾਂ ਦਸਤਾਵੇਜ਼ ਪਰਿਵਾਰ ਦੇ ਸੰਬੰਧਿਤ ਮੈਂਬਰ(ਰਾਂ) ਦੀ ਸੂਚਿਤ ਕੀਤੀ ਆਮਦਨੀ ਸੰਬੰਧੀ ਜਾਣਕਾਰੀ (ਉਦਾਹਰਣ ਲਈ ਆਮਦਨੀ ਦੀ ਖੁਦ ਲਿਖੀ ਸਟੇਟਮੈਂਟ) ਦੀ ਸੱਚਾਈ ਸਾਬਤ ਨਹੀਂ ਕਰਦੇ, ਤਾਂ SFO ਨੂੰ ਬਿਨੈਕਾਰਾਂ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਆਮਦਨੀ ਦਾ ਮੁਲਾਂਕਣ ਕਰਨ ਲਈ ਸਮਾਯੋਜਨ ਕਰਨ ਅਤੇ ਮਾਨਦੰਡ ਰਕਮਾਂ (ਸੰਬੰਧਿਤ ਸਰਕਾਰੀ ਵਿਭਾਗਾਂ ਵੱਲੋਂ ਦਿੱਤੀ ਗਈ ਅੰਕੜੇ ਸੰਬੰਧੀ ਜਾਣਕਾਰੀ ਦੇ ਆਧਾਰ 'ਤੇ, ਉਦਾਹਰਣ ਲਈ ਜਨਗਣਾ ਅਤੇ ਅੰਕੜਾ ਵਿਭਾਗ) ਲਾਗੂ ਕਰਨ ਦੀ ਲੋੜ ਹੋ ਸਕਦੀ ਹੈ। ਜੇਕਰ ਜ਼ਰੂਰੀ ਹੋਵੇ,ਤਾਂ ਪਰਿਵਾਰ ਦੀ ਆਮਦਨੀ ਦਾ ਮੁਲਾਂਕਣ ਕਰਨ ਵਿੱਚ, SFO ਬਿਨੈਕਾਰਾਂ ਤੋਂ ਉਹਨਾਂ ਆਈਟਮਾਂ ਦੇ ਦਸਤਾਵੇਜ਼ੀ ਸਬੂਤ ਲੈਣ, ਜੋ ਉੱਪਰ ਸੂਚੀਬੱਧ ਨਹੀਂ ਹਨ ਜਾਂ ਉਹਨਾਂ ਰਕਮਾਂ ਲਈ ਹੋਰ ਸਪਸ਼ਟੀਕਰਨ ਲੈਣ ਦੀ ਲੋੜ ਹੋ ਸਕਦੀ ਹੈ, ਜੋ ਪਰਿਵਾਰ ਦੇ ਰਹਿਣ-ਸਹਿਣ ਦਾ ਪ੍ਰਬੰਧ ਕਰਨ ਲਈ ਵਰਤੀਆਂ ਗਈਆਂ ਸਨ ਪਰੰਤੂ ਅਰਜ਼ੀ ਵਿੱਚ ਜਿਹਨਾਂ ਹਿਸਾਬ ਨਹੀਂ ਦਿੱਤਾ ਗਿਆ ਹੈ, ਜਿਵੇਂ ਕਿ ਬੱਚਤ, ਕਰਜ਼ (ਲੋਨ)। SFO ਬਿਨੈਕਾਰ ਨੂੰ ਦਸਤਾਵੇਜ਼ੀ ਸਬੂਤ ਪੇਸ਼ ਕਰਨ ਦੀ ਬੇਨਤੀ ਵੀ ਕਰ ਸਕਦਾ ਹੈ, ਜਿਹਨਾਂ ਚ ਸ਼ਾਮਲ ਹਨ, ਬੱਚਤ ਰਿਕਾਰਡਾਂ, ਦੇਣਦਾਰ ਤੋਂ ਠੀਕ ਤਰ੍ਹਾਂ ਦਸਤਖ਼ਤ ਕੀਤਾ ਘੋਸ਼ਣਾ-ਪੱਤਰ ਆਦਿ। ਜੇਕਰ ਕੋਈ ਵੈਧ ਸਬੂਤ ਨਹੀਂ ਦਿੱਤਾ ਜਾਂਦਾ ਹੈ, ਤਾਂ ਪਰਿਵਾਰ ਦੇ ਰਹਿਣ-ਸਹਿਣ ਦਾ ਪ੍ਰਬੰਧ ਕਰਨ ਦੀਆਂ ਰਕਮਾਂ ਨੂੰ ਪਰਿਵਾਰ ਦੀ ਆਮਦਨੀ ਦੇ ਹਿੱਸੇ ਦੇ ਤੌਰ 'ਤੇ ਲਿਆ ਜਾ ਸਕਦਾ ਹੈ।

## 5. ਭਾਗ V ਪੁਰਾਣੀ ਬੀਮਾਰੀ ਵਾਲੇ ਪਰਿਵਾਰ ਦੇ ਮੈਂਬਰ(ਰਾਂ) ਵੱਲੋਂ ਕੀਤੇ ਗਏ ਡਾਕਟਰੀ ਖ਼ਰਚੇ

(ਕਿਰਪਾ ਕਰਕੇ ਸਹਾਇਕ ਦਸਤਾਵੇਜ਼ਾਂ ਦੀ ਇੱਕ ਨਕਲ ਦਿਓ)

| Name | Nature of incapacity or chronic illness | Medical expenses incurred within the assessment period ($) |
|---|---|---|
| **CHAN Tai-fuk** | **Suffering from diabetes and requiring regular medical treatment.** | 1 0 4 0 0 |

5.1 ਜੇਕਰ ਬਿਨੈਕਾਰ ਨੇ 1 ਅਪ੍ਰੈਲ 2025 ਤੋਂ 31 ਮਾਰਚ 2026 ਦੀ ਮਿਆਦ ਦੇ ਦੌਰਾਨ ਪਰਿਵਾਰ ਦੇ ਮੈਂਬਰਾਂ (ਪਰਿਵਾਰ ਦੇ ਉਹਨਾਂ ਮੈਂਬਰਾਂ ਲਈ, ਜੋ ਲੰਮੇ ਸਮੇਂ ਤੋਂ ਬੀਮਾਰ ਹਨ ਜਾਂ ਸਥਾਈ ਰੂਪ ਨਾਲ ਅਸਮਰੱਥ ਹਨ) ਲਈ ਡਾਕਟਰੀ ਖ਼ਰਚੇ ਕੀਤੇ ਹਨ, ਤਾਂ ਉਹ ਅਰਜ਼ੀ ਫਾਰਮ ਦੇ ਭਾਗ V ਵਿੱਚ ਸਥਿਤੀ ਦੇ ਵੇਰਵੇ ਦੇ ਸਕਦਾ/ਸਕਦੀ ਹੈ। ਬਿਨੈਕਾਰ ਲਈ ਲਾਜ਼ਮੀ ਹੈ ਕਿ ਉਹ SFO ਵੱਲੋਂ ਉਹਨਾਂ ਖਰਚਿਆਂ ਦੀ ਕਟੌਤੀ ਕਰਨ 'ਤੇ ਵਿਚਾਰ ਕਰਨ ਲਈ ਹਸਪਤਾਲਾਂ / ਕਲੀਨਿਕਾਂ / ਰਜਿਸਟਰਡ ਪ੍ਰੈਕਟਿਸ਼ਨਰਾ ਵੱਲੋਂ ਜਾਰੀ ਕੀਤੇ ਸੰਬੰਧਿਤ ਡਾਕਟਰੀ ਪ੍ਰਮਾਣ-ਪੱਤਰ ਅਤੇ ਰਸੀਦ(ਦਾਂ) ਦੇਵੇ। (ਪਰਿਵਾਰ ਦੇ ਹਰੇਕ ਮੈਂਬਰ ਲਈ ਕਟੌਤੀ ਯੋਗ ਰਕਮ ਦੀ ਅੰਤਿਮ ਸੀਮਾ 2026/27 ਸਕੂਲ ਵਰ੍ਹੇ ਵਿੱਚ ਪ੍ਰਤੀ ਵਰ੍ਹਾ $24,250 ਹੈ)।

## 6. ਭਾਗ VI ਸਹਾਇਤਾ ਦੇ ਭੁਗਤਾਨ ਲਈ ਬਿਨੈਕਾਰ ਦਾ ਬੈਂਕ ਖਾਤਾ

(ਖਾਤਾ ਬਿਨੈਕਾਰ ਦੇ ਨਾਮ 'ਤੇ ਹੋਣਾ ਲਾਜ਼ਮੀ ਹੈ ਅਤੇ ਕਿਰਪਾ ਕਰਕੇ ਬੈਂਕ ਸਟੇਟਮੈਂਟ / ਬੈਂਕ ਬੁੱਕ ਦੇ ਪਹਿਲੇ ਪੰਨੇ ਦੀ ਨਕਲ ਦਿਓ।#)

6.1 ਕਿਉਂਕਿ SFO ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਸਕੂਲ-ਸਬੰਧਤ ਖਰਚਿਆਂ ਲਈ ਗ੍ਰਾਂਟ, ਸਕੂਲੀ ਪਾਠ ਪੁਸਤਕ ਸਹਾਇਤਾ, ਵਿਦਿਆਰਥੀ ਯਾਤਰਾ ਸਬਸਿਡੀ, ਇੰਟਰਨੈਟ ਐਕਸੈਸ ਚਾਰਜਿਜ਼ ਲਈ ਸਬਸਿਡੀ, ਡਿਪਲੋਮਾ ਆਫ ਅਪਲਾਈਡ ਐਜੂਕੇਸ਼ਨ / ਡਿਪਲੋਮਾ YJin ਫੀਸ ਵਾਪਸੀ ਅਤੇ ਮਨੋਨੀਤ ਸ਼ਾਮ ਦੇ ਬਾਲਗ ਸਿੱਖਿਆ ਕੋਰਸਾਂ ਲਈ ਵਿੱਤੀ ਸਹਾਇਤਾ ਆਟੋਪੇ ਦੁਆਰਾ ਜਾਰੀ ਕਰੇਗਾ, ਇਸ ਲਈ ਬਿਨੈਕਾਰ ਨੂੰ ਸਹੀ ਬੈਂਕ ਖਾਤਾ ਧਾਰਕ ਦਾ ਨਾਮ, ਬੈਂਕ ਦਾ ਨਾਮ ਅਤੇ ਬੈਂਕ ਖਾਤਾ ਨੰਬਰ ਦੇ ਨਾਲ ਸਬੰਧਤ ਸਹਾਇਕ ਦਸਤਾਵੇਜ਼ ਦੀ ਕਾਪੀ ਪ੍ਰਦਾਨ ਕਰਨੀ ਚਾਹੀਦੀ ਹੈ। ਕਿਰਪਾ ਕਰਕੇ ਨੋਟ ਕਰੋ ਕਿ ਬਿਨੈਕਾਰ ਦੁਆਰਾ ਬੈਂਕ ਖਾਤਾ ਧਾਰਕ ਦਾ ਨਾਮ ਅਤੇ/ਜਾਂ ਬੈਂਕ ਕੋਡ ਅਤੇ/ਜਾਂ ਖਾਤਾ ਨੰਬਰ ਪ੍ਰਦਾਨ ਕਰਨ ਵਿੱਚ ਕੀਤੀ ਗਈ ਕਿਸੇ ਵੀ ਗਲਤੀ ਕਾਰਨ ਭੁਗਤਾਨ ਪ੍ਰਾਪਤ ਕਰਨ ਵਿੱਚ ਦੇਰੀ ਅਤੇ/ਜਾਂ ਸਬਸਿਡੀ ਦੀ ਰਕਮ ਵਿੱਚ ਕਿਸੇ ਨੁਕਸਾਨ ਅਤੇ/ਜਾਂ ਕਿਸੇ ਵਾਧੂ ਬੈਂਕ ਖਰਚਿਆਂ ਲਈ SFO ਕੋਈ ਜ਼ਿੰਮੇਵਾਰੀ ਨਹੀਂ ਲੈਂਦਾ।

6.2 ਬੈਂਕ ਖਾਤਾ <u>ਸਿਰਫ਼</u> ਬਿਨੈਕਾਰ ਦੇ ਨਾਮ ਹੇਠ ਵੈਧ ਸਥਾਨਕ ਬੱਚਤ ਖਾਤਾ ਹੋਣਾ ਚਾਹੀਦਾ ਹੈ।। (ਇਹ ਹਾਲ ਵਿੱਚ ਵਰਤੋਂ ਵਿੱਚ ਹੋਣਾ ਲਾਜ਼ਮੀ ਹੈ)। ਸੰਯੁਕਤ ਖਾਤਾ, ਕ੍ਰੈਡਿਟ ਕਾਰਡ ਖਾਤਾ, ਕਰਜ਼ਾ ਖਾਤਾ, ਫਿਕਸਡ-ਡਿਪਾਜ਼ਿਟ ਖਾਤਾ, ਅਤੇ ਵਿਦੇਸ਼ੀ ਮੁਦਰਾ ਖਾਤਾ ਸਵੀਕਾਰ ਨਹੀਂ ਕੀਤਾ ਜਾਂਦਾ ਹੈ।

6.3 ਕਿਰਪਾ ਕਰਕੇ ਹੇਠਾਂ ਦਿੱਤੇ ਉਦਾਹਰਣ ਦੇ ਹਵਾਲੇ ਨਾਲ ਸਹੀ ਬੈਂਕ ਖਾਤਾ ਜਾਣਕਾਰੀ ਭਰੋ:

| | |
|---|---|
| Account holder's name in English: | C H A N   T A I   M A N |
| Applicant's bank account no.: | 0 2 4 - 1 2 3 4 5 6 7 8 9 0 |
| | Bank Code    Bank Account Number |
| | (e.g. Standard Chartered Bank 003; HSBC 004; Hang Seng Bank 024) |
| Bank name: | Hang Seng Bank |

6.4 "ਬੈਂਕ ਕੋਡ" ਬਾਰੇ ਪੁੱਛਗਿੱਛ ਲਈ, ਬਿਨੈਕਾਰ ਸਹਾਇਤਾ ਲਈ ਸੰਬੰਧਿਤ ਬੈਂਕ ਨੂੰ ਸੰਪਰਕ ਕਰ ਸਕਦਾ ਹੈ।

6.5 ਜੇਕਰ ਬਿਨੈਕਾਰ, ਬਿਨੈ-ਪੱਤਰ ਫਾਰਮ ਜਮ੍ਹਾ ਕਰਨ ਤੋਂ ਬਾਅਦ ਬੈਂਕ ਖਾਤਾ ਧਾਰਕ ਦਾ ਨਾਮ ਅਤੇ / ਜਾਂ ਬੈਂਕ ਖਾਤਾ ਨੰਬਰ ਬਦਲਣਾ ਚਾਹੁੰਦਾ ਹੈ, ਤਾਂ ਕਿਰਪਾ ਕਰਕੇ ਇਸ ਤਬਦੀਲੀ ਬਾਰੇ, ਬੈਂਕ ਖਾਤਾ ਧਾਰਕ ਦਾ ਨਾਮ ਅਤੇ ਖਾਤਾ ਨੰਬਰ ਵਾਲੇ ਸਹਾਇਕ ਦਸਤਾਵੇਜ਼ ਦੇ ਨਾਲ ਲਿਖਤੀ ਰੂਪ ਵਿੱਚ SFO ਨੂੰ ਜਲਦੀ ਤੋਂ ਜਲਦੀ ਜਾਣਕਾਰੀ ਦਿਓ ਤਾਂ ਜੋ ਵਿੱਤੀ ਸਹਾਇਤਾ ਦੀ ਵੰਡ ਵਿੱਚ ਕਿਸੇ ਵੀ ਦੇਰੀ ਤੋਂ ਬਚਿਆ ਜਾ ਸਕੇ।

(# ਬਿਨੈਕਾਰ ਨੂੰ ਅਰਜ਼ੀ ਫਾਰਮ ਤੇ ਬੈਂਕ ਖਾਤਾ ਦੀ ਜਾਣਕਾਰੀ ਸਹੀ ਅਤੇ ਸਪਸ਼ਟ ਤੌਰ ਤੇ ਲਿਖਣੀ ਚਾਹੀਦੀ ਹੈ। ਜੇਕਰ ਪੈਰਾ 9.2 (vi) ਵਿੱਚ ਦੱਸੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ, ਤਾਂ ਬਿਨੈਕਾਰ ਨੂੰ ਸੰਬੰਧਿਤ ਸਹਾਇਕ ਦਸਤਾਵੇਜ਼ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ।)

## 7. ਭਾਗ VII ਬਿਨੈਕਾਰ ਦੀ ਸਪਲੀਮੈਂਟਰੀ ਜਾਣਕਾਰੀ

ਕਿਰਪਾ ਕਰਕੇ CSSA ਪ੍ਰਾਪਤ ਕਰ ਰਹੇ ਪਰਿਵਾਰਕ ਮੈਂਬਰਾਂ ਦੇ ਵੇਰਵੇ ਪ੍ਰਦਾਨ ਕਰੋ ਜਾਂ ਮੁਲਾਂਕਣ ਦੀ ਮਿਆਦ ਦੇ ਬਾਅਦ ਬਿਨੈਕਾਰ ਦੇ ਪਰਿਵਾਰਕ ਵੇਰਵਿਆਂ ਵਿੱਚ ਮਹੱਤਵਪੂਰਨ ਤਬਦੀਲੀਆਂ ਹਨ (ਜਿਵੇਂ ਕਿ ਬੇਰੁਜ਼ਗਾਰੀ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਆਮਦਨ ਵਿੱਚ ਭਾਰੀ ਗਿਰਾਵਟ ਆਦਿ)। ਨਹੀਂ ਤਾਂ, ਕਿਰਪਾ ਕਰਕੇ ਇਸ ਹਿੱਸੇ ਨੂੰ ਖਾਲੀ ਛੱਡ ਦਿਓ।

1. If you have filled in Part II particulars of any student-applicant who is <u>not</u> a self-bearing child of yours, please specify his/her name and explain in detail with proof why the application is not submitted by the parent of the student.

2. If your family <u>is receiving / has received CSSA</u> any time during the period from 1 April 2025 to the time of submission of application, please specify the relevant duration, names of the family members in receipt of CSSA and quote the CSSA reference number.

   **WONG Siu-fan and CHAN Tai-ming received CSSA during 1.4.2025 – 30.9.2025. The case file number was ABC-C-123456.**

3. If you have special financial hardship, please state details of the situation, relevant duration and submit supporting documents.

   **The applicant, CHAN Tai-man has been unemployed since 1.5.2026. The family income is substantially reduced after the assessment period which results in financial hardship (see the attached supporting documents).**

## 8. ਭਾਗ VIII ਘੋਸ਼ਣਾ

8.1 ਬਿਨੈਕਾਰ ਅਤੇ ਉਸਦੇ ਪਤੀ/ਪਤਨੀ (ਜੇਕਰ ਲਾਗੂ ਹੈ) ਨੂੰ ਪੂਰੇ ਪੈਰਾਗ੍ਰਾਫ ਪੜ੍ਹ ਕੇ ਅਰਜ਼ੀ ਫਾਰਮ ਵਿੱਚ ਦਿੱਤੀ ਗਈ ਥਾਂ ਵਿੱਚ ਦਸਤਖ਼ਤ ਕਰਨੇ ਹਨ।

## <u>ਅਰਜ਼ੀ ਫਾਰਮਾਂ ਅਤੇ ਸਹਾਇਕ ਦਸਤਾਵੇਜ਼ਾਂ ਨੂੰ ਜਮ੍ਹਾਂ ਕਰਨ ਬਾਰੇ ਨੋਟਸ</u>

9.1 SFO ਬਿਨੈਕਾਰਾਂ ਨੂੰ ਅਰਜ਼ੀਆਂ ਅਤੇ ਸਹਾਇਕ ਦਸਤਾਵੇਜ਼ਾਂ ਦੀਆਂ ਕਾਪੀਆਂ ਆਨਲਾਈਨ ਜਮ੍ਹਾਂ ਕਰਾਉਣ ਲਈ ਉਤਸ਼ਾਹਿਤ ਕਰਦਾ ਹੈ, ਜੋ ਕਿ ਸੁਵਿਧਾਜਨਕ ਹੈ ਅਤੇ ਸਮੇਂ ਅਤੇ ਪੈਸੇ ਦੀ ਬਚਤ ਕਰਦਾ ਹੈ।

(i) ਪ੍ਰਾਈਮਰੀ ਅਤੇ ਸੈਕੰਡਰੀ ਸਕੂਲਾਂ ਲਈ ਵਿੱਤੀ ਸਹਾਇਤਾ ਵਾਸਤੇ ਅਰਜ਼ੀਆਂ ਲਈ ਲਾਗੂ ਜੇਕਰ ਪੇਪਰ–ਆਧਾਰਿਤ "ਵਿਦਿਆਰਥੀ ਵਿੱਤੀ ਸਹਾਇਤਾ ਸਕੀਮਾਂ ਲਈ ਪਰਿਵਾਰ ਸੰਬੰਧੀ ਅਰਜ਼ੀ ਫਾਰਮ" ਦੀ ਵਰਤੋਂ ਕਰ ਰਹੇ ਹੋਕਿਰਪਾ ਕਰਕੇ 31 ਮਈ 2026 ਨੂੰ ਜਾਂ ਇਸ ਤੋਂ ਪਹਿਲਾਂ, ਪ੍ਰਦਾਨ ਕੀਤੇ ਗਏ ਪਤੇ ਵਾਲੇ ਲਿਫਾਫੇ ਦੀ ਵਰਤੋਂ ਕਰਦੇ ਹੋਏ, ਸੰਬੰਧਿਤ ਸਹਾਇਕ ਦਸਤਾਵੇਜ਼ਾਂ ਦੀ ਕਾਪੀ ਦੇ ਨਾਲ ਭਰੇ ਹੋਏ ਫਾਰਮ ਨੂੰ SFO (Tsimshatsui PO Box 96824) ਨੂੰ ਡਾਕ ਰਾਹੀਂ ਜਮ੍ਹਾ ਕਰੋ।। ਕਿਰਪਾ ਕਰਕੇ ਪੂਰੀਆਂ ਡਾਕ ਟਿਕਟਾਂ ਲਗਾਓ। ਘੱਟ ਡਾਕ ਟਿਕਟਾਂ ਨਾਲ ਅਰਜ਼ੀ ਫਾਰਮਾਂ ਦੀ ਡਿਲਿਵਰੀ ਨਹੀਂ ਹੋਵੇਗੀ ਅਤੇ SFO ਅਰਜ਼ੀ ਦੀ ਪ੍ਰਕਿਰਿਆ ਨਹੀਂ ਕਰ ਸਕੇਗਾ। ਬਿਨੈਕਾਰਾਂ ਨੂੰ ਗ਼ਲਤ/ਅਸਫਲ ਡਿਲਿਵਰੀ ਤੋਂ ਬਚਣ ਲਈ ਪਤਾ ਲਿਖੇ ਲਿਫਾਫੇ ਦੇ ਪਿੱਛੇ ਆਪਣਾ ਪੱਤਰ-ਵਿਹਾਰ ਦਾ ਪਤਾ ਲਿਖਣਾ ਚਾਹੀਦਾ ਹੈ।

(ii) ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਵਾਸਤੇ ਅਰਜ਼ੀਆਂ ਲਈ ਲਾਗੂ ਬਿਨੈਕਾਰਾਂ ਨੂੰ "ਵਿਦਿਆਰਥੀ ਵਿੱਤੀ ਸਹਾਇਤੀ ਸਕੀਮਾਂ ਲਈ ਪਰਿਵਾਰ ਸੰਬੰਧੀ ਅਰਜ਼ੀ ਫਾਰਮ" <u>2026/27 ਸਕੂਲੀ ਵਰ੍ਹੇ ਵਿੱਚ ਅਟੈਂਡ ਕਰਨ ਵਾਲੀਆਂ ਕਲਾਸਾਂ ਦੇ ਪੂਰਾ ਹੋਣ ਤੋਂ ਪਹਿਲਾਂ ਜਾਂ 15 ਅਗਸਤ 2027 ਤੋਂ ਪਹਿਲਾਂ-ਪਹਿਲਾਂ</u>, ਦੋਨਾਂ ਵਿੱਚੋਂ ਜੋ ਵੀ ਪਹਿਲਾਂ ਆਵੇ। SFO ਨੂੰ ਭੇਜ ਦੇਣਾ ਚਾਹੀਦਾ ਹੈ। ਫੀਸ ਦੀ ਛੋਟ ਦਾ ਪ੍ਰਭਾਵੀ ਮਹੀਨਾ ਉਹ ਮਹੀਨਾ ਹੋਵੇਗਾ, ਜਿਸ ਵਿੱਚ ਬਿਨੈਕਾਰਾਂ ਵੱਲੋਂ ਅਰਜ਼ੀ ਫਾਰਮ ਜਮ੍ਹਾਂ ਕੀਤੇ ਜਾਂਦੇ ਹਨ, ਜਾਂ ਉਹ ਮਹੀਨਾ, ਜਿਸ ਵਿੱਚ ਵਿਦਿਆਰਥੀ-ਬਿਨੈਕਾਰ ਕਿੰਡਰਗਾਰਟਨ / ਬਾਲ ਦੇਖਭਾਲ ਕੇਂਦਰਾਂ ਵਿੱਚ ਦਾਖਲਾ ਲੈਂਦੇ ਹਨ, ਜੋ ਵੀ ਬਾਅਦ ਵਿੱਚ ਹੋਵੇ।

9.2 <u>ਲੋੜੀਂਦੇ</u> ਸਹਾਇਕ ਦਸਤਾਵੇਜ਼ਾਂ ਵਿੱਚ ਸ਼ਾਮਲ ਕਰੋ:

(i) ਵਨ-ਵੇਅ ਪਰਮਿਟ / ਵੀਜ਼ਾ / ਹਾਂਗਕਾਂਗ ਨਿਵਾਸ ਪਰਮਿਟ ਦੀ ਕਾਪੀ / ਵਿਦਿਆਰਥੀ-ਬਿਨੈਕਾਰ ਦਾ ਹਾਂਗਕਾਂਗ ਜਨਮ ਸਰਟੀਫਿਕੇਟ ਜੇਕਰ ਉਹ ਹਾਂਗਕਾਂਗ ਦੇ ਸਥਾਈ ਪਛਾਣ ਪੱਤਰ ਜਿਵੇਂ ਕਿ ਇਕ ਤਰਫਾ ਪਰਮਿਟ/ਨਿਰਭਰ ਵੀਜ਼ਾ/ ਹੋਰ ਦਾਖਲਾ ਵੀਜ਼ਾ ਦਾ ਧਾਰਕ ਨਹੀਂ ਹੈ ਜਾਂ 11 ਸਾਲ ਤੋਂ ਘੱਟ ਉਮਰ ਦਾ ਹੈ;

(ii) ਬਿਨੈਕਾਰ ਅਤੇ ਉਸਦੇ ਪਰਿਵਾਰ ਦੇ ਮੈਂਬਰਾਂ ਦੇ ਪਛਾਣ ਦਸਤਾਵੇਜ਼ਾਂ ਦੀ ਇੱਕ ਕਾਪੀ ( , ਜਿਵੇਂ ਭਾਗ II ਵਿੱਚ ਸੂਚੀਬੱਧ ਹੈ (ਵਿਦਿਆਰਥੀ ਬਿਨੈਕਾਰ ਨੂੰ ਛੱਡ ਕੇ, ਪਰ ਨਿਰਭਰ ਮਾਪਿਆਂ ਸਮੇਤ (ਜੇ ਲਾਗੂ ਹੋਵੇ)) ਜੇਕਰ ਉਹ ਹਾਂਗਕਾਂਗ ਦੇ ਪਛਾਣ ਪੱਤਰ ਦੇ ਧਾਰਕ ਨਹੀਂ ਹਨ;

(iii) (**ਸਿੰਗਲ-ਮਾਪੇ ਵਾਲੇ ਪਰਿਵਾਰਾਂ** ਲਈ) ਵੱਖਰੇ ਰਹਿਣ / ਤਲਾਕ ਦੇ ਸਹਾਇਕ ਦਸਤਾਵੇਜ਼ਾਂ ਦੀ ਨਕਲ ਜਾਂ ਪਤੀ/ਪਤਨੀ ਦੇ ਮੌਤ ਦਾ ਪ੍ਰਮਾਣ-ਪੱਤਰ। ਜੇਕਰ ਬਿਨੈਕਾਰ ਸਹਾਇਕ ਦਸਤਾਵੇਜ਼ ਦੇਣ ਵਿੱਚ ਅਸਮਰੱਥ ਹੈ, ਤਾਂ ਕਿਰਪਾ ਕਰਕੇ ਲਿਖਤ ਵਿੱਚ ਕਾਰਨ ਸਪਸ਼ਟ ਕਰੋ ਅਤੇ ਇੱਕ ਸਪਸ਼ਟੀਕਾਰਕ ਨੋਟ 'ਤੇ ਦਸਤਖ਼ਤ ਕਰੋ; ਜੇ ਬਿਨੈਕਾਰ ਮੰਗੇ ਗਏ ਸਹਾਇਕ ਦਸਤਾਵੇਜ਼ ਮੁਹੱਈਆ ਕਰਵਾਉਣ ਵਿੱਚ ਅਸਮਰੱਥ ਹੈ, ਤਾਂ SFO ਅਰਜ਼ੀ ਉੱਤੇ ਕਾਰਵਾਈ ਇਸ ਆਧਾਰ ਤੇ ਕਰਨ ਦਾ ਅਧਿਕਾਰ ਰਖਦਾ ਹੈ ਕਿ ਬਿਨੈਕਾਰ ਨੂੰ ਇੱਕਲਾ ਅਭਿਭਾਵਕ ਨਹੀਂ ਮੰਨਿਆ ਜਾਂਦਾ;

(iv) (ਜੇ ਲਾਗੂ ਹੋਵੇ) ਨਿਰਭਰ ਮਾਪਿਆਂ ਦਾ ਸਮਰਥਨ ਕਰਨ ਲਈ ਦਸਤਾਵੇਜ਼ੀ ਸਬੂਤ ਦੀ ਕਾਪੀ;

(v) (ਜੇਕਰ ਲਾਗੂ ਹੈ) 1 ਅਪ੍ਰੈਲ 2025 ਤੋਂ 31 ਮਾਰਚ 2026 ਤੱਕ ਦੀ ਮਿਆਦ ਲਈ ਜ਼ਰੂਰੀ **ਡਾਕਟਰੀ ਖ਼ਰਚਿਆਂ** (ਪਰਿਵਾਰ ਦੇ ਉਹਨਾਂ ਮੈਂਬਰਾਂ ਲਈ, ਜੋ ਲੰਮੇ ਸਮੇਂ ਤੋਂ ਬੀਮਾਰ ਹਨ ਜਾਂ ਸਥਾਈ ਰੂਪ ਨਾਲ ਅਸਮਰੱਥ ਹਨ) ਦੇ ਦਸਤਾਵੇਜ਼ੀ ਸਬੂਤ ਦੀ ਨਕਲ;

(vi) ਕਿਰਪਾ ਕਰਕੇ **ਬੈਂਕ ਸਟੇਟਮੇਂਟ/ ਬੈਂਕ ਬੁੱਕ ਦੇ ਪਹਿਲੇ ਪੰਨੇ** ਦੀ ਕਾਪੀ ਪ੍ਰਦਾਨ ਕਰੋ। ਜੇਕਰ ਬਿਨੈਕਾਰ ਨੇ ਵਰਕਿੰਗ ਫੈਮਿਲੀ ਐਂਡ ਸਟੂਡੈਂਟ ਫਾਈਨੈਂਨਸਿਅਲ ਅਸਿਸਟੈਂਸ ਏਜੇਂਸੀ ਦੇ ਵਿੱਤੀ ਸਹਾਇਤਾ ਪ੍ਰੋਗਰਾਮ ਦੇ ਤਹਿਤ ਇੱਕ ਸਫਲ ਅਰਜ਼ੀ ਦਿੱਤੀ ਹੈ ਅਤੇ ਉਸਦੇ ਬੈਂਕ ਖਾਤੇ ਵਿੱਚ ਗ੍ਰਾਂਟ ਅਤੇ/ਜਾਂ ਲੋਨ ਦਾ ਭੁਗਤਾਨ ਕੀਤਾ ਗਿਆ ਹੈ, ਜਦੋਂ ਕਿ ਬਿਨੈਕਾਰ ਨੇ ਉਪਰੋਕਤ ਸਫਲ ਅਰਜ਼ੀ ਵਿੱਚ ਬੈਂਕ ਖਾਤੇ ਦੇ ਪ੍ਰਮਾਨ ਦੀ ਇੱਕ ਕਾਪੀ ਜਮ੍ਹਾਂ ਕਰਾਈ ਹੈ ਅਤੇ 2026/27 ਸਕੂਲੀ ਸਾਲ ਲਈ ਅਰਜ਼ੀ ਵਿੱਚ ਉਸੇ ਬੈਂਕ ਖਾਤੇ ਦੀ ਵਰਤੋਂ ਕਰਦਾ ਹੈ (ਅਰਥਾਤ ਉਪਰੋਕਤ ਬੈਂਕ ਖਾਤਾ ਜੋ ਗ੍ਰਾਂਟ ਅਤੇ/ ਜਾਂ ਲੋਨ ਨਾਲ ਵੰਡਿਆ ਗਿਆ ਹੈ), ਇਸ ਲਈ ਬੈਂਕ ਖਾਤੇ ਦੇ ਸਹਾਇਕ ਦਸਤਾਵੇਜ਼ ਜਮ੍ਹਾਂ ਕਰਨ ਦੀ ਕੋਈ ਲੋੜ ਨਹੀਂ ਹੈ; ਅਤੇ

(vii) 1 ਅਪ੍ਰੈਲ 2025 ਤੋਂ 31 ਮਾਰਚ 2026 ਤੱਕ ਦੀ ਮਿਆਦ ਲਈ **ਕੁੱਲ ਆਮਦਨੀ ਦਾ ਦਸਤਾਵੇਜ਼ੀ ਸਬੂਤ**। ਕਿਰਪਾ ਕਰਕੇ ਹੇਠਾਂ ਦਿੱਤੀਆਂ ਸ਼ਰਤਾਂ ਦੇ ਮੁਤਾਬਕ ਦਸਤਾਵੇਜ਼ ਜਮ੍ਹਾਂ ਕਰੋ:

| | |
|---|---|
| ਤਨਖਾਹ ਵਾਲੀ ਨੌਕਰੀ ਕਰਨ ਵਾਲਾ ਵਿਅਕਤੀ | (1) ਇਨਲੈਂਡ ਰੈਵੇਨਿਊ ਡਿਪਾਰਟਮੈਂਟ ਵੱਲੋਂ ਜਾਰੀ ਕੀਤਾ ਟੈਕਸ ਡਿਮਾਂਡ ਨੋਟ; ਜੇਕਰ ਉਪਲਬਧ ਨਹੀਂ ਹੈ<br>(2) ਮਾਲਕ ਦੇ ਮਿਹਨਤਾਨੇ ਦੀ ਰਿਟਰਨ ਅਤੇ ਪੈਨਸ਼ਨ ਫਾਰਮ; ਜੇਕਰ ਉਪਲਬਧ ਨਹੀਂ ਹੈ<br>(3) ਤਨਖਾਹ ਦੀ ਸਟੇਟਮੈਂਟ; ਜੇਕਰ ਉਪਲਬਧ ਨਹੀਂ ਹੈ<br>(4) ਤਨਖਾਹ, ਭੱਤਾ ਆਦਿ ਦਾ ਭੁਗਤਾਨ ਦਰਸਾਉਣ ਵਾਲਾ ਬੈਂਕ ਟ੍ਰਾਂਜੈਕਸ਼ਨ ਰਿਕਾਰਡ (ਬੈਂਕ ਖਾਤਾ ਧਾਰਕ ਦਾ ਨਾਮ ਦਰਸਾਉਣ ਵਾਲੇ ਪੰਨੇ ਦੇ ਨਾਲ)। (ਕਿਰਪਾ ਕਰਕੇ ਰੰਗ ਤੇ ਟਿੱਪਣੀਆਂ ਨਾਲ ਐਂਟਰੀਆਂ ਨੂੰ ਉਜਾਗਰ (ਹਾਈਲਾਈਟ) ਕਰੋ। ਆਮਦਨੀ ਦੇ ਇਲਾਵਾ ਕਿਸੇ ਹੋਰ ਐਂਟਰੀਜ ਲਈ, ਕਿਰਪਾ ਕਰਕੇ ਉਹਨਾਂ ਦੇ ਨਾਲ ਜਰੂਰੀ ਟਿੱਪਣੀਆਂ ਦਿਓ, ਨਹੀਂ ਤਾਂ SFO ਉਹਨਾਂ ਨੂੰ ਪਰਿਵਾਰ ਦੀ ਆਮਦਨੀ ਦੀ ਗਣਨਾ ਵਾਲੀ ਰਕਮ ਵਿੱਚ ਸ਼ਾਮਲ ਕਰ ਸਕਦਾ ਹੈ); ਜੇਕਰ ਉਪਲਬਧ ਨਹੀਂ ਹੈ<br>(5) ਮਾਲਕ ਵੱਲੋਂ ਪ੍ਰਮਾਣਿਤ ਆਮਦਨੀ ਪ੍ਰਮਾਣ-ਪੱਤਰ (ਨਮੂਨਾ I ਦੇਖੋ), ਆਦਿ |
| ਸਵੈ-ਰੁਜ਼ਗਾਰ ਵਿਅਕਤੀ ਜਾਂ ਕਾਰੋਬਾਰ ਚਲਾਉਣ ਵਾਲਾ ਵਿਅਕਤੀ (ਸਵੈ-ਰੁਜ਼ਗਾਰ ਡਰਾਈਵਰ ਸਮੇਤ (ਇੱਕਲੀਆਂ ਪ੍ਰੋਪਰਾਈਟਰਸ਼ਿਪ ਕਾਰੋਬਾਰ / ਸਾਂਝੇਦਾਰੀ ਵਾਲਾ ਕਾਰੋਬਾਰ / ਲਿਮਿਟੇਡ ਕੰਪਨੀ ਸਮੇਤ) | (1) ਪ੍ਰਮਾਣਿਤ ਸਰਕਾਰੀ ਲੇਖਾਕਾਰ ਵੱਲੋਂ ਪ੍ਰਮਾਣਿਤ ਲਾਭ ਅਤੇ ਹਾਨੀ ਖਾਤਾ; ਜੇਕਰ ਉਪਲਬਧ ਨਹੀਂ ਹੈ<br>(2) ਤੁਹਾਡੇ ਖੁਦ ਦੇ ਵੱਲੋਂ ਤਿਆਰ ਕੀਤਾ ਲਾਭ ਅਤੇ ਹਾਨੀ ਖਾਤਾ (ਨਮੂਨਾ II ਜਾਂ III ਦੇਖੋ) <u>ਅਤੇ</u><br>(3) ਨਿੱਜੀ ਮੁਲਾਂਕਣ ਨੋਟਿਸ (ਜੇਕਰ ਲਾਗੂ ਹੈ)। |
| ਤਨਖਾਹ ਵਾਲੀ ਨੌਕਰੀ ਕਰਨ ਵਾਲਾ ਜਾਂ ਸਵੈ-ਰੋਜ਼ਗਾਰ ਵਾਲਾ ਵਿਅਕਤੀ, ਜੋ ਕੋਈ ਵੀ ਆਮਦਨੀ ਸਬੂਤ ਪੇਸ਼ ਨਹੀਂ ਕਰ ਸਕਦਾ | ਕਿਰਪਾ ਕਰਕੇ ਪੂਰੇ ਸਾਲ ਵਿੱਚ ਆਪਣੀ ਮਾਸਿਕ ਆਮਦਨੀ ਦੇ ਵੇਰਵੇ ਦਿੰਦੇ ਹੋਏ ਅਤੇ ਇਹ ਸਪਸ਼ਟ ਕਰਦੇ ਹੋਏ ਕਿ ਆਮਦਨੀ ਦਾ ਸਬੂਤ ਕਿਉਂ ਪੇਸ਼ ਨਹੀਂ ਕੀਤਾ ਜਾ ਸਕਦਾ, ਖੁਦ ਤਿਆਰ ਕੀਤਾ ਆਮਦਨੀ ਵਿਸ਼ਲੇਸ਼ਣ (ਬ੍ਰੇਕਡਾਊਨ) ਮੁਹੱਈਆ ਕਰਨ ਲਈ ਨਮੂਨੇ IV ਦਾ ਅਨੁਸਰਨ ਕਰੋ। (SFO ਇਹ ਨਿਰਣਾ ਲੈਣ ਦਾ ਹੱਕ ਰਾਖਵਾਂ ਰੱਖਦਾ ਹੈ ਕਿ ਉਹਨਾਂ ਬਿਨੈਕਾਰਾਂ, ਜੋ ਆਮਦਨੀ ਦਾ ਸਬੂਤ ਪੇਸ਼ ਨਾ ਕਰਨ ਲਈ ਸਫਾਈ ਨਹੀਂ ਦੇ ਸਕਦੇ, ਦੀਆਂ ਅਰਜੀਆਂ ਸਵੀਕਾਰ ਕਰਨੀਆ ਹਨ ਜਾਂ ਨਹੀਂ।) |
| ਕਿਰਾਏ ਦੀ ਆਮਦਨੀ ਵਾਲਾ ਵਿਅਕਤੀ | (1) ਕਿਰਾਏਦਾਰੀ ਇਕਰਾਰਨਾਮਾ; ਜੇਕਰ ਉਪਲਬਧ ਨਹੀਂ ਹੈ<br>(2) ਕਿਰਾਏ ਦੀ ਆਮਦਨੀ ਦਰਸਾਉਣ ਵਾਲਾ ਬੈਂਕ ਟ੍ਰਾਂਜੈਕਸ਼ਨ ਰਿਕਾਰਡ (ਬੈਂਕ ਖਾਤਾ ਧਾਰਕ ਦਾ ਨਾਮ ਦਰਸਾਉਣ ਵਾਲੇ ਪੰਨੇ ਦੇ ਨਾਲ)। (ਕਿਰਪਾ ਕਰਕੇ ਰੰਗ ਅਤੇ ਟਿੱਪਣੀਆਂ ਨਾਲ ਐਂਟਰੀਜ ਨੂੰ ਉਜਾਗਰ (ਹਾਈਲਾਈਟ) ਕਰੋ। ਆਮਦਨੀ ਦੇ ਇਲਾਵਾ ਕਿਸੇ ਹੋਰ ਐਂਟਰੀਜ ਲਈ ਵੀ, ਕਿਰਪਾ ਕਰਕੇ ਉਹਨਾਂ ਦੇ ਨਾਲ ਜਰੂਰੀ ਟਿੱਪਣੀਆਂ ਦਿਓ, ਨਹੀਂ ਤਾਂ SFO ਉਹਨਾਂ ਨੂੰ ਪਰਿਵਾਰ ਦੀ ਆਮਦਨੀ ਦੀ ਗਣਨਾ ਵਾਲੀ ਰਕਮ ਵਿੱਚ ਸ਼ਾਮਲ ਕਰ ਸਕਦਾ ਹੈ)। |

ਬਿਨੈਕਾਰ ਨੂੰ SFO ਦੁਆਰਾ ਅਰਜ਼ੀ ਦੀ ਪ੍ਰਕ੍ਰਿਆ/ਪੜਤਾਲ ਦੌਰਾਨ ਮੁਲਾਂਕਣ ਲਈ ਹੋਰਸੰਬੰਧਿਤ ਦਸਤਾਵੇਜ਼(ਦਸਤਾਵੇਜ਼ਾਂ) ਨੂੰ ਜਮ੍ਹਾ ਕਰਾਉਣ ਦੀ ਲੋੜ ਹੋ ਸਕਦੀ ਹੈ। ਕਿਸੇ ਵੀ ਵਿਵਾਦ ਦੀ ਸਥਿਤੀ ਵਿੱਚ, **SFO** ਦਾ ਫੈਸਲਾ ਅੰਤਿਮ ਹੋਵੇਗਾ।

**ਨਿਜੀ ਡੇਟਾ ਦੀ ਵਿਵਸਥਾ / ਸੰਭਾਲ**

10.1 ਬਿਨੈਕਾਰਾਂ ਦੀ ਇਹ ਜਿੰਮੇਦਾਰੀ ਬਣਦੀ ਹੈ ਕਿ ਉਹ ਬਿਨੈ-ਪੱਤਰ ਨੂੰ ਪੂਰੀ ਤਰ੍ਹਾਂ ਅਤੇ ਸੱਚਾਈ ਨਾਲ ਭਰਣ ਅਤੇ ਸਾਰੇ ਸਹਾਇਕ ਦਸਤਾਵੇਜ਼ ਪ੍ਰਦਾਨ ਕਰਨ। SFO ਬਿਨੈਕਾਰਾਂ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਧਾਰ ਤੇ ਦਿੱਤੀ ਜਾਣ ਵਾਲੀ ਯੋਗਤਾ/ਪਾਤ੍ਰਤਾ ਅਤੇ ਸਹਾਇਤਾ ਦੇ ਲੇਵਲ ਦਾ ਮੁਲਾਂਕਣ ਕਰੇਗਾ। ਨਾਕਾਫ਼ੀ ਜਾਣਕਾਰੀ / ਤੱਥਾਂ ਦੀ ਗਲਤ ਜਾਣਕਾਰੀ ਦੇਣਾ / ਗਲਤ ਅਤੇ ਗੁਮਰਾਹ ਕਰਨ ਵਾਲੀ ਜਾਣਕਾਰੀ ਪ੍ਰਦਾਨ ਕਰਨਾ ਅਰਜ਼ੀ ਦੀ ਪ੍ਰਕਿਰਿਆ ਨੂੰ ਰੱਦ ਕਰ ਦੇਵੇਗਾ, ਅਰਜ਼ੀ ਨੂੰ ਅਗਲੀ ਪ੍ਰਕਿਰਿਆ ਲਈ ਅਯੋਗ ਮਨਿਆ ਜਾਵੇਗਾ ਜਾਂ ਅਪਰਾਧਿਕ ਮੁਕਦਮਾ ਭੀ ਚਲਾਯਾ ਜਾਵੇਗਾ.

10.2 ਅਰਜ਼ੀ ਵਿੱਚ ਦਿੱਤਾ ਗਿਆ ਨਿਜੀ ਡਾਟਾ ਅਤੇ WFSFAA ਦੀ ਬੇਨਤੀ ਤੇ ਦਿੱਤੀ ਗਈ ਕੋਈ ਭੀ ਪੂਰਕ ਜਾਣਕਾਰੀ WFSFAA ਅਤੇ EDB ਦੁਆਰਾ ਵਰਤੀ ਜਾਵੇਗੀ ਅਤੇ ਹੇਠ ਲਿਖੇ ਉਦੇਸ਼ਾਂ ਲਈ WFSFAA / EDB ਦੇ ਏਜੇਂਟਾ, ਸਕੂਲਾਂ / ਜੁੜੀ ਹੋਈ ਸੰਸਥਾਵਾਂ ਅਤੇ ਸੰਬੰਧਿਤ ਸਰਕਾਰੀ ਬਜ਼ੂਰੋ / ਵਿਭਾਗਾਂ ਨੂੰ ਦੱਸੀ ਜਾਵੇਗੀ:

(i) ਹੇਠਾਂ ਦਿੱਤੀਆਂ ਯੋਜਨਾਵਾਂ ਅਤੇ ਅਰਜ਼ੀ ਦੇ ਨਤੀਜਿਆਂ ਦੀ ਨੋਟੀਫਿਕੇਸ਼ਨ ਦੇ ਅਧੀਨ ਕਾਰਜ ਦੀ ਪ੍ਰਕਿਰਿਆ ਅਤੇ ਅਰਜ਼ੀ / ਨਾਮਜ਼ਦਗੀ ਦੀ ਕਾਊਂਟਰ-ਚੈਕਿੰਗ ਨਾਲ ਸਬੰਧਤ ਗਤੀਵਿਧੀਆਂ -

- ਕਿੰਡਰਗਾਰਟਨ ਵਿਦਿਆਰਥੀਆਂ (Grant-KG) ਲਈ ਸਕੂਲ ਸਬੰਧਿਤ ਖਰਚਿਆਂ ਲਈ ਗ੍ਰਾਂਟ
- ਕਿੰਡਰਗਾਰਟਨ ਅਤੇ ਬਾਲ ਦੇਖਭਾਲ ਕੇਂਦਰ ਫੀਸ ਛੂਟ ਸ੍ਕੀਮ (KCFRS)
- ਸਕੂਲ ਪਾਠ-ਪੁਸਤਕ ਸਹਾਇਤਾ ਸ੍ਕੀਮ (STAS)
- ਪਰੀਖਿਆ ਫੀਸ ਛੂਟ/ਮੁਆਫੀ ਸ੍ਕੀਮ (EFRS)
- ਵਿਦਿਆਰਥੀ ਯਾਤਰਾ ਸਬਸਿਡੀ ਸ੍ਕੀਮ (STSS)
- ਇੰਟਰਨੈੱਟ ਪਹੁੰਚ ਖਰਚਿਆਂ ਲਈ ਸਬਸਿਡੀ ਸਕੀਮ (SIA)
- ਅਪਲਾਈਡ ਐਜੂਕੇਸ਼ਨ ਫੀਸ ਰੀਇਮਬਰਸਮੈਂਟ ਦਾ ਡਿਪਲੋਮਾ (DAEFR) / ਡਿਪਲੋਮਾ ਯੀ ਜਿਨ ਫੀਸ ਅਦਾਇਗੀ (DYJFR)
- (ਬਾਲਗਾਂ ਲਈ ਸ਼ਾਮ ਦੇ ਨਿਯਤ ਸਿੱਖਿਆ ਕੋਰਸਾਂ ਲਈ ਵਿੱਤੀ ਸਹਾਇਤਾ ਸਕੀਮ)(FAEAEC)
- ਟੇਰਿਟਰੀ ਵਿਦਿਆਰਥੀ ਫ਼ਾਇਨੈਂਸ ਸਕੀਮ – ਪਬਲਿਕਲੀ-ਫੰਡੀਡ ਯੋਜਨਾਵਾਂ (TSFS)
- ਫੁਲ-ਟਾਈਮ ਟੇਰਿਟਰੀ ਵਿਦਿਆਰਥੀਆਂ ਲਈ ਨੋਨ-ਮਿਨਸ-ਟੇਸਟੇਡ ਲੋਨ ਸ੍ਕੀਮ (NLSFT)
- ਪੋਸਟ-ਸੇਕੇਂਡਰੀ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਸ੍ਕੀਮ(FASP)
- ਪੋਸਟ-ਸੇਕੇਂਡਰੀ ਵਿਦਿਆਰਥੀਆਂ ਲਈ ਨੋਨ-ਮਿਨਸ-ਟੇਸਟੇਡ ਲੋਨ ਸ੍ਕੀਮ (NLSPS)
- ਏਕਸ੍ਪੈਂਡੀਡ ਨੋਨ-ਮਿਨਸ-ਟੇਸਟੇਡ ਲੋਨ ਸ੍ਕੀਮ (ENLS)
- ਕੰਟੀਨਿਉਇਨ੍ਗ ਐਜੂਕੇਸ਼ਨ ਫੰਡ (CEF)
- ਵਰਕਿੰਗ ਫੈਮਿਲੀ ਅਲਾਊਂਸ ਸਕੀਮ (WFA)
- SFO ਦੁਆਰਾ ਨਿਯੰਤਰਿਤ ਵਜ਼ੀਫੇ, ਗ੍ਰਾਂਟਸ ਅਤੇ ਹੋਰ ਲੋਨ ਸਕੀਮਾਂ

ਬਿਨੈਕਾਰ ਸਹਿਮਤੀ ਦਿੰਦਾ ਹੈ ਕਿ WFSFAA ਅਰਜ਼ੀ ਦੇ ਨਤੀਜੇ ਦੇ ਨਾਲ, ਸਹਾਇਤਾ ਲੇਵਲ, ਸਬਸਿਡੀ ਦੀ ਰਕਮ ਅਤੇ ਸਹਾਇਤਾ ਦੀ ਅਦਾਇਗੀ ਦੀ ਮਿਤੀ ਬਾਰੇ ਸਕੂਲਾਂ /ਸੰਸਥਾਵਾਂ ਨੂੰ ਦਸ ਸਕਦਾ ਹੈ;

(ii) WFSFAA ਦੇ ਹੋਰ ਡਾਟਾਬੇਸ ਤੋਂ ਅਲਾਵਾ ਉਪਰੋਕਤ (i) ਵਿੱਚ ਸੂਚੀਬੱਧ ਸਕੀਮਾਂ ਅਧੀਨ ਅਰਜ਼ੀ /ਨਾਮਜ਼ਦਗੀ ਦੀ ਪ੍ਰਮਾਣਿਕਤਾ ਨਾਲ ਸਬੰਧਤ ਗਤੀਵਿਧੀਆਂ ਅਤੇ ਦੋਹਰੀਆਂ ਸਬਸਿਡੀਆਂ ਨੂੰ ਰੋਕਣ, ਧੋਖਾਧੜੀ ਦਾ ਪਤਾ ਲਗਾਉਣ, ਵਧੇਰੇ ਅਦਾਇਗੀ / ਬਕਾਇਆ ਭੁਗਤਾਨ(ਭੁਗਤਾਨਾਂ) ਜਾਂ ਕੋਈ ਬਕਾਇਆ ਰਕਮ / ਉਸ ਤੋਂ ਆਉਣ ਵਾਲੀ ਕੋਈ ਵੀ ਕੀਮਤ ਅਤੇ ਹੋਰ ਸਬੰਧਤ ਮਾਮਲਿਆਂ ਨੂੰ ਰੋਕਣ ਲਈ, ਬਿਨੈਕਾਰ / ਬਿਨੈਕਾਰ ਦੇ ਪਰਿਵਾਰਕ ਮੈਂਬਰਾਂ ਦੁਆਰਾ ਪ੍ਰਾਪਤ ਕੀਤੀ ਦੀ ਵਿੱਤੀ ਸਹਾਇਤਾ ਦੇ ਨਾਲ ਸਬੰਧਤ ਸਰਕਾਰੀ ਬਜ਼ੂਰੋ / ਵਿਭਾਗਾਂ ਅਤੇ ਸਕੂਲਾਂ / ਸੰਸਥਾਵਾਂ ਦੇ ਡਾਟਾਬੇਸ;

(iii) ਉਪਰੋਕਤ (i) ਵਿੱਚ ਸੂਚੀਬੱਧ ਵਿੱਤੀ ਸਹਾਇਤਾ ਸਕੀਮਾਂ ਲਈ ਅਰਜ਼ੀ / ਨਾਮਜ਼ਦਗੀ ਦੀ ਪ੍ਰਕ੍ਰਿਆ ਅਤੇ ਕਾਊਂਟਰ-ਚੈਕਿੰਗ ਦੇ ਨਾਲ EDB ਦੇ ਡੇਟਾਬੇਸ ਨਾਲ ਵਿਦਿਆਰਥੀ-ਬਿਨੈਕਾਰ (ਜਿੱਥੇ ਲਾਗੂ ਹੁੰਦਾ ਹੈ) ਦੇ ਨਿੱਜੀ ਡੇਟਾ ਦੇ ਨਾਲ ਸਬੰਧਤ ਗਤੀਵਿਧੀਆਂ ਅਤੇ WFSFAA ਦੁਆਰਾ ਹੋਰ ਵਿਦਿਆਰਥੀ ਵਿੱਤੀ ਸਹਾਇਤਾ ਪ੍ਰਦਾਨ ਕਰਨਾ, ਤਾਕਿ WFSFAA ਦੇ ਵਿਦਿਆਰਥੀ ਰਿਕਾਰਡ ਤਸਦੀਕ/ਅਪਡੇਟ ਕੀਤੇ ਜਾ ਸਕਣ ਅਤੇ ਵਜਕਤਿਗਤ ਸ੍ਕੀਮ ਲਈ ਯੋਗਤਾ ਦੀ ਪੁਸ਼ਟੀ ਕਿੱਤੀ ਜਾ ਸਕੇ;

(iv) WFSFAA ਦੇ ਹੋਰ ਡਾਟਾਬੇਸ ਦੇ ਨਾਲ ਬਿਨੈਕਾਰ ਅਤੇ ਬਿਨੈਕਾਰ ਦੇ ਪਰਿਵਾਰ ਦੇ ਮੈਂਬਰਾਂ ਦੇ ਨਿਜੀ ਡੇਟਾ ਦੇ ਮਿਲਾਨ ਅਤੇ SWD ਦੇ ਡਾਟਾਬੇਸ ਨਾਲ ਸਮਬੰਧਿਤ ਗਤੀਵਿਧੀਆਂ ਜੋ ਕਿ ਉਪਰ (i) ਵਿਚ ਸੂਚੀਬੱਧ ਯੋਜਨਾਵਾਂ ਦੇ ਤਹਤ ਅਰਜ਼ੀ / ਨਾਮਜ਼ਦਗੀਦੀ ਪ੍ਰਕਿਰਿਆ ਅਤੇ ਕਾਊਂਟਰ-ਚੈਕਿੰਗ ਦੇ ਨਾਲ ਹਨ ਅਤੇ WFSFAA ਦੁਆਰਾ ਡਬਲ ਸਬਸਿਡੀ ਅਤੇ ਵਧੇਰੇ ਅਦਾਇਗੀ ਦੀ ਵਸੂਲੀ ਨੂੰ ਰੋਕਣ ਲਈ ਹੋਰ ਵਿੱਤੀ ਸਹਾਇਤਾ ਪ੍ਰਦਾਨ ਕਰਨਾ (ਜੇ ਬਿਨੈਕਾਰ ਦਾ ਪਰਿਵਾਰ ਸੰਬੰਧਿਤ ਮੁਲਾਂਕਣ ਅਵਧਿ ਦੇ ਦੌਰਾਨ CSSA ਦੀ ਮੰਜੂਰੀ ਵਿੱਚ ਸੀ ਜਾਂ ਇਸ ਵੇਲੇ CSSA ਦੀ ਮੰਜੂਰੀ ਵਿਚ ਹੈ)

(v) WFSFAA ਦੇ ਹੋਰ ਡਾਟਾਬੇਸ ਦੇ ਨਾਲ ਬਿਨੈਕਾਰ ਅਤੇ ਬਿਨੈਕਾਰ ਦੇ ਪਰਿਵਾਰ ਦੇ ਮੈਂਬਰਾਂ ਦੇ ਨਿਜੀ ਡੇਟਾ ਦੇ ਮਿਲਾਨ ਅਤੇ ਇਮੀਗ੍ਰੇਸ਼ਨ ਵਿਭਾਗ ਦੇ ਡਾਟਾਬੇਸ ਨਾਲ ਸਮਬੰਧਿਤ ਗਤੀਵਿਧੀਆਂ ਜੋ ਕਿ ਉਪਰ (i) ਵਿੱਚ ਸੂਚੀਬੱਧ ਅਰਜ਼ੀ/ ਨਾਮਜ਼ਦਗੀਦੀ ਪ੍ਰੋਸੈਸਿੰਗ ਅਤੇ ਕਾਊਂਟਰ-ਚੈਕਿੰਗ ਦੇ ਸਬੰਧ ਵਿੱਚ ਅਤੇ ਪ੍ਰਦਾਨ ਕਰਨ ਨਾਲ WFSFAA ਦੁਆਰਾ ਹੋਰ ਵਿੱਤੀ ਸਹਾਇਤਾ, ਤਾਂ ਜੋ ਬਿਨੈਕਾਰ ਅਤੇ ਬਿਨੈਕਾਰ ਦੇ ਪਰਿਵਾਰਕ ਮੈਂਬਰਾਂ ਦੇ ਰਿਕਾਰਡਾਂ ਦੀ ਪੁਸ਼ਟੀ / ਅਪਡੇਟ ਕੀਤੀ ਜਾ ਸਕੇ ਅਤੇ ਵਿਅਕਤੀਗਤ ਸਕੀਮ ਲਈ ਉਹਨਾਂ ਦੀ ਯੋਗਤਾ ਦੀ ਪੁਸ਼ਟੀ ਕੀਤੀ ਜਾ ਸਕੇ;

(vi) ਲੋਨ ਅਕਾਉਂਟ ਦਾ ਪ੍ਰਬੰਧਨ ਅਤੇ ਰੱਖ-ਰਖਾਅ ਅਤੇ ਲੋਨ ਦੀ ਅਦਾਇਗੀ;

(vii) ਅੰਕੜੇ ਅਤੇ ਖੋਜ ਦੇ ਉਦੇਸ਼; ਅਤੇ

(viii) ਹੋਰ ਅਰਜ਼ੀ/ਵਿੱਤੀ ਸਹਾਇਤਾ ਨਾਲ ਸੰਬੰਧਿਤ ਨਾਮਜ਼ਦਗੀ/ ਵਜ਼ੀਫ਼ਾ ਦੀ ਪ੍ਰੋਸੈਸਿੰਗ ਅਤੇ ਕਾਊਂਟਰ-ਚੈਕਿੰਗਅਤੇ/ਜਾਂ WFSFAA, EDB, HKEAA, ਸਮਬੰਧਿਤ ਸਰਕਾਰੀ ਵਿਭਾਗਾਂ / ਸੰਗਠਨਾਂ ਅਤੇ ਨਾਲ ਜੁੜੇ ਸਕੂਲਾਂ / ਸੰਸਥਾਵਾਂ ਦੁਆਰਾ ਪ੍ਰਬੰਧਤ ਹੋਰ ਵਿੱਤੀ ਸਹਾਇਤਾ / ਵਜ਼ੀਫੇ ਦੇ ਪੁਰਸਕਾਰ ਲਈ / ਵਿਦਿਆਰਥੀਆਂ ਦੀ ਚੋਣ।

10.3 ਬਿਨੈਕਾਰ ਦਾ ਨਿਜੀ ਡਾਟਾ ਅਤੇ ਉਸਦੇ ਪਰਿਵਾਰ ਦੇ ਮੈਂਬਰਾਂ ਦੁਆਰਾ ਦਿੱਤੀ ਗਈ ਕੋਈ ਭੀ ਜਾਣਕਾਰੀ 10.2 ਪੈਰਾ ਵਿਚ ਦਸੇ ਗਏ ਉਦੇਸ਼ਾਂ ਲਈ ਸੰਬੰਧਿਤ ਸਰਕਾਰੀ ਬਜ਼ੂਰੋ / ਵਿਭਾਗਾਂ /ਸੰਗਠਨਾਂ ਅਤੇ ਸਕੂਲਾਂ / ਜੁੜੀ ਹੋਈ ਸੰਸਥਾਵਾਂ ਨੂੰ ਦੱਸੀ ਜਾਵੇਗੀ: ਜਾਂ ਜਿਥੇ ਬਿਨੈਕਾਰ ਨੇ ਅਜਿਹੇ ਖੁਲਾਸੇ ਲਈ ਸਹਿਮਤੀ ਦਿੱਤੀ ਹੈ; ਜਾਂ ਜਿਥੇ ਅਜਿਹੇ ਖੁਲਾਸੇ ਅਧਿਕਾਰਤ ਜਾਂ ਕਾਨੂੰਨ ਦੁਆਰਾ ਜਰੂਰੀ ਹਨ। ਬਿਨੈਕਾਰ ਦੁਆਰਾ WFSFAA ਨੂੰ ਨਿੱਜੀ ਡੇਟਾ ਦੀ ਵਿਵਸਥਾ ਸਵੈਇੱਛਤ ਹੈ, ਪਰ ਜੇਕਰ ਬਿਨੈਕਾਰ ਲੋੜੀਂਦਾ ਨਿੱਜੀ ਡੇਟਾ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਅਸੀਂ ਉਸਦੀ ਅਰਜ਼ੀ 'ਤੇ ਕਾਰਵਾਈ ਕਰਨ ਦੇ ਯੋਗ ਨਹੀਂ ਹੋ ਸਕਦੇ ਹਾਂ।

10.4 ਜੇ ਜਰੂਰੀ ਹੋਵੇ, ਤਾਂ WFSFAA ਅਰਜ਼ੀ ਵਿਚ ਦਿੱਤੀ ਗਈ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਲਈ ਬਿਨੈਕਾਰ ਅਤੇ ਉਸਦੇ ਪਰਿਵਾਰਕ ਮੈਂਬਰਾਂ ਦੇ ਮਾਲਕ ਸਮੇਤ ਹੋਰ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਨਾਲ ਸਬੰਧਤ ਸਕੂਲਾਂ / ਸੰਸਥਾਵਾਂ ਨਾਲ ਸੰਪਰਕ ਕਰੇਗਾ। ਕੋਈ ਵੀ ਗਲਤ ਜਾਣਕਾਰੀ ਅਤੇ ਤੱਥਾਂ ਨੂੰ ਛੁਪਾਉਣਾ ਅਯੋਗ ਕਰ ਦੇਵੇਗਾ; ਦਿੱਤੀ ਗਈ ਪੂਰੀ ਸਹਾਇਤਾ ਰਾਸ਼ੀ ਦੀ ਵਾਪਸੀ ਅਤੇ ਸਜਾ ਭੀ ਹੋ ਸਕਦੀ ਹੈ।

10.5 ਬਿਨੈਕਾਰਾਂ ਦੁਆਰਾ ਦਿੱਤੀ ਗਈ ਜਾਣਕਾਰੀ ਦੀ ਸੱਚਾਈ ਅਤੇ ਸਮਪੂਰਨਤਾ ਦੀ ਪੁਸ਼ਟੀ ਕਰਨ ਦੇ ਉਪਾਅ ਦੇ ਤੌਰ ਤੇ, WFSFAA ਘਰੇਲੂ ਮੁਲਾਕਾਤ ਜਾਂ ਹੋਰ ਤਰੀਕਿਆਂ ਦੁਆਰਾ ਕੁਝ ਸਫਲ ਅਰਜ਼ੀਆਂ ਤੇ ਕਾਊਂਟਰ ਚੈਕਿੰਗ ਕਰੇਗਾ। ਘਰੇਲੂ ਮੁਲਾਕਾਤਾਂ ਜਾਂ ਪ੍ਰਮਾਣੀਕਰਣ ਦੇ ਦੌਰਾਨ, WFSFAA ਸਟਾਫ ਐਪਲੀਕੇਸ਼ਨ ਡੇਟਾ ਦੇ ਸਪਸ਼ਟੀਕਰਨ ਦੀ ਅਤੇ ਵਧੇਰੇ ਜਾਣਕਾਰੀ ਦੀ ਮੰਗ ਕਰ ਸਕਦਾ ਹੈ। ਉਹ ਸਹਿਯੋਗੀ ਦਸਤਾਵੇਜ਼ਾਂ ਦੇ ਅਸਲ ਕਾਗਜ਼ਾਂ ਦੀ ਜਾਂਚ ਭੀ ਕਰ ਸਕਦੇ ਹਨ। ਇਹ ਬਿਨੈਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬਿਨੈ-ਪੱਤਰ ਦੇ ਸਾਰੇ ਸਹਿਯੋਗੀ ਦਸਤਾਵੇਜ਼ਾਂ ਨੂੰ ਘੱਟੋ-ਘੱਟ ਦੋ ਸਾਲਾਂ ਲਈ ਰੱਖਣ, ਅਤੇ ਉਹਨਾਂ ਨੂੰ WFSFAA ਸਟਾਫ ਨਾਲ ਸਹਿਯੋਗ ਭੀ ਕਰਨਾ ਚਾਹੀਦਾ ਹੈ। WFSFAA ਸਟਾਫ ਦੇ ਕੰਮ ਵਿਚ ਉਨ੍ਹਾਂ ਦੇ ਤਸਦੀਕ ਦੇ ਸਮੇਂ ਜਾਣ-ਬੁੱਝ ਕੇ ਰੁਕਾਵਟ ਪਾਉਣਾ, ਤੱਥਾਂ ਨੂੰ ਲੁਕਾਉਣਾ ਜਾਂ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣ ਵਿਚ ਅਸਫਲਤਾ, (WFSFAA ਦੁਆਰਾ ਚਲਾਈਆਂ ਜਾਂਦੀਆਂ ਸਾਰੀਆਂ ਵਿੱਤੀ ਸਹਾਇਤਾ ਯੋਜਨਾ ਦੇ ਤਹਿਤ ਦਿੱਤੀ ਗਈ ਵਿੱਤੀ ਸਹਾਇਤਾ ਸਮੇਤ) ਪੂਰੀ ਸਹਾਇਤਾ ਦਾ ਪੂਰਾ ਮੁਆਵਜ਼ਾ ਦੇਣ ਦਾ ਅਤੇ ਸੰਭਾਵਤ ਮੁਕੱਦਮੇ ਦਾ ਕਾਰਨ ਬਣੇਗਾ।

10.6 ਜਮਾ ਕੀਤੇ ਗਏ ਸਾਰੇ ਦਸਤਾਵੇਜ ਵਾਪਸ ਨਹੀਂ ਹੋਣਗੇ। ਹਾਲਾਂਕਿ, ਸੈਕਸ਼ਨ 18 ਅਤੇ 22 ਅਤੇ ਪਰਸਨਲ ਡੇਟਾ (ਪ੍ਰਾਈਵੇਸੀ) ਆਰਡੀਨੈਂਸ ਦੇ ਸ਼ੇਡਯੂਲ 1 ਦੇ ਪ੍ਰਿੰਸੀਪਲ 6 ਦੇ ਮੁਤਾਬਕ(ਹਾਂਗਕਾਂਗ ਦੇ ਵਿਸ਼ੇਸ਼ ਪ੍ਰਬੰਧਕੀ ਖੇਤਰ ਦੇ ਕਾਨੂੰਨਾਂ ਦਾ ਚੈਪਟਰ 486), ਇਕ ਬਿਨੈਕਾਰ ਨੂੰ ਉਸਦੇ ਦੁਆਰਾ ਦਿੱਤੇ ਗਏ ਡਾਟਾ ਨੂੰ ਵੇਖਣ ਦਾ ਅਤੇ ਠੀਕ ਕਰਨ ਦਾ ਅਧਿਕਾਰ ਦੇਂਦਾ ਹੈ। ਉਹ ਲੋੜਮੰਦ ਪ੍ਰਬੰਧਕੀ ਖਰਚਿਆਂ ਦੀ ਅਦਾਇਗੀ ਦੇ ਕਰਕੇ ਆਪਣੇ ਨਿੱਜੀ ਡਾਟਾ ਦੀਆਂ ਕਾਪੀਆਂ ਭੀ ਪ੍ਰਾਪਤ ਕਰ ਸਕਦਾ ਹੈ। ਅਜਿਹੀ ਬੇਨਤੀ ਉਪ ਵਿਭਾਗੀ ਸਕੱਤਰ (ਪ੍ਰਸ਼ਾਸਨ), WFSFAA ਨੂੰ ਸੰਬੋਧਿਤ ਕੀਤੀ ਜਾਣੀ ਚਾਹੀਦੀ ਹੈ।

**ਪੁੱਛਗਿੱਛ**

11.1 ਘਰੇਲੂ ਅਰਜ਼ੀ ਫਾਰਮ ਨੂੰ ਪੂਰਾ ਕਰਨ ਅਤੇ ਜਮ੍ਹਾਂ ਕਰਨ ਸੰਬੰਧੀ ਪੁੱਛਗਿੱਛ ਲਈ, ਕ੍ਰਿਪਾ ਕਰਕੇ ਸਾਡੀ 24-ਘੰਟੇ ਦੀ ਪੁੱਛਗਿੱਛ ਹੋਟਲਾਈਨ 2802 2345 ਤੇ ਕਾੱਲ ਕਰੋ।